ਸਾਂਝੀ ਸੋਚ
SANJHI SOCH
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ
VOL-13 ISSUE 2538 | 28 July, 2026 Tuesday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ | +1 (209) 303-1260

ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

DOWNLOAD THE APP
NOW AVAILABLE ON
24x7 LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

# ਗੁਰਦੁਆਰਾ ਸਾਹਿਬ ਵੈਸਟ ਸੈਕਰਾਮੈਂਟੋ 'ਚ ਸਰੋਵਰ ਚਾਲੂ ਕੀਤਾ ਗਿਆ





**ਸੈਕਰਾਮੈਂਟੋ ਸਾਂਝੀ ਸੋਚ ਬਿਊਰੋ**

ਬੀਤੇ ਦਿਨੀਂ ਅਮਰੀਕਾ ਦੇ ਵੈਸਟ ਸੈਕਰਾਮੈਂਟੋ ਦੇ ਗੁਰਦੁਆਰਾ ਸਾਹਿਬ ਵਿਚ ਸਰੋਵਰ ਦੀ ਸ਼ੁਰੂਆਤ ਕੀਤੀ ਗਈ। ਗਿਆਨੀ ਰਘਬੀਰ ਸਿੰਘ ਭਾਰਤ ਤੋਂ ਪੰਜ ਤਖਤਾਂ ਦਾ ਜਲ ਲੈ ਕੇ ਪਹੁੰਚੇ। ਉਹਨਾਂ ਨੂੰ ਵੈਸਟ ਸੈਕਰਾਮੈਂਟੋ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਨਰਿੰਦਰ ਸਿੰਘ ਥਾਂਦੀ ਵਲੋਂ ਵਿਸ਼ੇਸ਼ ਤੌਰ ਤੇ ਬੁਲਾਇਆ ਗਿਆ ਸੀ। ਵਰਨਣਯੋਗ ਹੈ ਕਿ ਇਸ ਗੁਰਦੁਆਰਾ ਸਾਹਿਬ ਵਿਚ ਕਾਫੀ ਦੇਰ ਪਹਿਲਾਂ ਸਰੋਵਰ ਬਣਾਇਆ ਗਿਆ ਸੀ, ਪਰ ਪੁਰਾਣੀ ਕਮੇਟੀ ਦੇ ਕੁਝ ਸ਼ਰਾਰਤੀ ਲੋਕਾਂ ਨੇ ਉਸਨੂੰ ਪੂਰ ਦਿੱਤਾ ਸੀ। ਹੁਣ ਇਸ ਸਰੋਵਰ ਨੂੰ ਦੁਬਾਰਾ ਚਾਲੂ ਕੀਤਾ ਗਿਆ ਹੈ। ਇਹ ਸਾਰੀ ਮੇਹਨਤ ਮੌਜੂਦਾ ਕਮੇਟੀ ਦੇ ਪ੍ਰਧਾਨ ਨਰਿੰਦਰ ਸਿੰਘ ਥਾਂਦੀ ਨੇ ਕੀਤੀ ਹੈ ਅਤੇ ਇਸ ਸਰੋਵਰ ਉਪਰ ਹੋਣ ਵਾਲਾ ਸਾਰਾ ਖਰਚਾ ਮੌਜੂਦਾ ਕਮੇਟੀ ਨੇ ਆਪਣੇ ਕੋਲੋਂ ਕੀਤਾ ਹੈ। ਗਿਆਨੀ ਰਘਬੀਰ ਸਿੰਘ ਵਲੋਂ ਜਦੋਂ ਇਸ ਸਰੋਵਰ ਨੂੰ ਪੰਜ ਤਖਤਾਂ ਦਾ ਜਲ ਪਾ ਕੇ ਚਾਲੂ ਕੀਤਾ ਗਿਆ ਤਾਂ ਹਜਾਰਾਂ ਦੀ ਗਿਣਤੀ 'ਚ ਹਾਜਰ ਸੰਗਤਾਂ ਨੇ ਜੈਕਾਰਿਆਂ ਦੀ ਗੂੰਜ ਨਾਲ ਅਸਮਾਨ ਗੂੰਜਣ ਲਾ ਦਿੱਤਾ।

ਖ਼ਬਰ ਨਾਲ ਸਬੰਧਿਤ ਫੋਟੋਆਂ ਸਫ਼ਾ ਨੰ.8 'ਤੇ...

Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511

RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor®
Contact : Cell (209) 550-1704
220 - A Standiford Ave, Modesto, CA 95350, kkaur@mycvre.com

Space availabe for Ad
Contact #
+1 (209) 303-1260

Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality Wedding Videos
Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

Space availabe for Ad
Contact #
+1 (209) 303-1260

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Ph: (414) 551-0530
Simranveer Singh
Realtor
The JRP Group
DRE #02114137

Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com | www.thepalfilms.com

# JRP REALTY GROUP

A TRADITION OF REAL ESTATE EXCELLENCE

## SERVING CALIFORNIA FOR COMMERCIAL REAL ESTATE NEEDS

Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS





**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.

# LENDINGASSETS

Elevating Your Mortgage Experience



**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

## Home Loan ਘਰਾਂ ਦੇ ਲੋਨ


- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



**Apply online at www.lendingassets.com and check out the live lowest rates on our website**




# NAV INDIAN MERCHANDISE GROCERY STORE

**3230 MITCHELL ROAD, STE, C, CERES, CA 95307**







ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੌਸਰੀ ਦੀ।

ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ

**ਇੱਕ ਵਾਰ Visit ਜ਼ਰੂਰ ਕਰੋ।**

Ria MONEY TRANSFER

INDIA
ਪੈਸੇ ਭੇਜਣ ਲਈ
RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ







Contact Number
**+1 (209) 537-5702**

ਸਾਂਝੀ ਸੋਚ SANJHI SOCH

www.sanjhisoch.com

**PATTRON**: HARJIT BASI

**MANAGEMENT**



**PRESIDENT & CHIEF EDITOR**
**BOOTA SINGH BASI**

**SUB EDITOR (CHICAGO, IL OFFICE)**
**LOVJYOT VIRDI**

**GENERAL MANAGER**
**RAVINDER SINGH DHILLON**

**RESIDENT EDITOR (INDIA)**
**DR. RAJINDER RIKHI**

**DISCLAIMER**

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

**SANJHI SOCH**

DAILY NEWSPAPER

2601 Oakdale Road,
Suite H2-167 Modesto,
CA 95355 USA

Cell: (209) 303-1260

Email: info@sanjhisoch.com

Visit at: www.sanjhisoch.com

# ਡਲਹੌਜ਼ੀ ਆਓ ਤਾਂ ਠੀਕ... ਪਰ ਕਾਲਾ ਟੋਪ ਨਾ ਵੇਖਿਆ, ਤਾਂ ਸਮਝੋ ਯਾਤਰਾ ਅਧੂਰੀ ਰਹਿ ਗਈ




ਮਈ-ਜੂਨ ਦੀਆਂ ਗਰਮੀਆਂ ਦੀਆਂ ਛੁੱਟੀਆਂ ਸ਼ੁਰੂ ਹੁੰਦਿਆਂ ਹੀ ਡਲਹੌਜ਼ੀ ਦੀਆਂ ਵਾਦੀਆਂ ਸੈਲਾਨੀਆਂ ਦੀ ਚਹਿਲ-ਪਹਿਲ ਨਾਲ ਜਿਉਂਦੀਆਂ-ਜਾਗਦੀਆਂ ਹੋ ਉੱਠਦੀਆਂ ਹਨ। ਸ਼ਾਂਤ ਅਤੇ ਸੁਹਾਵਣਾ ਇਹ ਪਹਾੜੀ ਸ਼ਹਿਰ ਇੱਕ ਰੰਗ-ਬਿਰੰਗੇ ਮੇਲੇ ਦਾ ਰੂਪ ਧਾਰ ਲੈਂਦਾ ਹੈ। ਦੇਸ਼ ਦੇ ਕੋਨੇ-ਕੋਨੇ ਤੋਂ ਪਰਿਵਾਰ ਆਪਣੇ ਬੱਚਿਆਂ ਨਾਲ ਕੁਦਰਤ ਦੀ ਗੋਦ ਵਿੱਚ ਕੁਝ ਯਾਦਗਾਰ ਪਲ ਬਿਤਾਉਣ ਲਈ ਇੱਥੇ ਆਉਂਦੇ ਹਨ। ਬੱਚਿਆਂ ਦੇ ਚਿਹਰਿਆਂ 'ਤੇ ਉਤਸ਼ਾਹ ਦੀ ਚਮਕ ਅਤੇ ਮਾਪਿਆਂ ਦੀਆਂ ਅੱਖਾਂ ਵਿੱਚ ਕੁਦਰਤ ਦੀ ਸੁੰਦਰਤਾ ਨੂੰ ਨਿਹਾਰਨ ਦੀ ਤਾਂਘ ਸਾਫ਼ ਝਲਕਦੀ ਹੈ।

ਡਲਹੌਜ਼ੀ ਦੇ ਵੱਖ-ਵੱਖ ਵਿਊ ਪੁਆਇੰਟਾਂ ਤੋਂ ਜਦੋਂ ਹਿਮਾਲਿਆ ਦੀਆਂ ਬਰਫ਼ੀਲੀਆਂ ਚੋਟੀਆਂ, ਹਰੀਆਂ-ਭਰੀਆਂ ਵਾਦੀਆਂ ਅਤੇ ਧੁੰਦ ਵਿੱਚ ਲਿਪਟੇ ਪਹਾੜਾਂ ਦੇ ਮਨਮੋਹਕ ਨਜ਼ਾਰੇ ਅੱਖਾਂ ਅੱਗੇ ਸਾਕਾਰ ਹੁੰਦੇ ਹਨ, ਤਾਂ ਸੈਲਾਨੀ ਮੰਤਰਮੁਗਧ ਹੋ ਜਾਂਦੇ ਹਨ। ਪਰ ਉਨ੍ਹਾਂ ਦੀ ਯਾਤਰਾ ਦਾ ਅਸਲ ਆਕਰਸ਼ਣ ਉਦੋਂ ਪੂਰਾ ਹੁੰਦਾ ਹੈ, ਜਦੋਂ ਉਹ ਕੁਦਰਤ ਦੇ ਇਸ ਅਨਮੋਲ ਖ਼ਜ਼ਾਨੇ"ਕਾਲਾ ਟੋਪ" ਦਾ ਰੁਖ ਕਰਦੇ ਹਨ। ਇਹ ਗੱਲ ਮੰਨਣੀ ਪਵੇਗੀ ਕਿ ਡਲਹੌਜ਼ੀ ਦੀ ਯਾਤਰਾ ਦਾ ਮੁਕਟ ਮਣੀ ਹੀ ਕਾਲਾ ਟੋਪ ਹੈ।

ਕਾਲਾ ਟੋਪ ਵੱਲ ਜਾਂਦਾ ਰਸਤਾ ਭਾਵੇਂ ਕਈ ਥਾਵਾਂ 'ਤੋਂ ਤੰਗ, ਕੱਚਾ, ਘੁੰਮਾਵਦਾਰ ਅਤੇ ਡੂੰਘੀਆਂ ਖੱਡਾਂ ਦੇ ਨਾਲ-ਨਾਲ ਲੰਘਦਾ ਹੈ, ਪਰ ਇਹੀ ਰਸਤਾ ਇਸ ਯਾਤਰਾ ਨੂੰ ਉਤਸ਼ਾਹ ਨਾਲ ਭਰ ਦਿੰਦਾ ਹੈ। ਡਲਹੌਜ਼ੀ ਦੇ ਤਜਰਬੇਕਾਰ ਟੈਕਸੀ ਚਾਲਕ ਆਪਣੀ ਸੂਝ-ਬੂਝ, ਧੀਰਜ ਅਤੇ ਪਹਾੜੀ ਸੜਕਾਂ 'ਤੇ ਹਾਸਲ ਕੀਤੀ ਬੇਮਿਸਾਲ ਮੁਹਾਰਤ ਸਦਕਾ ਇਸ ਸਫ਼ਰ ਨੂੰ ਸੁਰੱਖਿਅਤ ਅਤੇ ਸੁਖਦ ਬਣਾ ਦਿੰਦੇ ਹਨ। ਹਰ ਤਿੱਖੇ ਮੋੜ 'ਤੇ ਉਨ੍ਹਾਂ ਦਾ ਆਤਮ-ਵਿਸ਼ਵਾਸ ਅਤੇ ਵਾਹਨ ਉੱਤੇ ਕਾਬੂ ਯਾਤਰੀਆਂ ਦੇ ਮਨ ਵਿੱਚ ਨਿਸ਼ਚਿੰਤਤਾ ਦਾ ਅਹਿਸਾਸ ਪੈਦਾ ਕਰਦਾ ਹੈ।

ਇਹ ਯਾਤਰਾ ਸਿਰਫ਼ ਇੱਕ ਥਾਂ ਤੋਂ ਦੂਜੀ ਥਾਂ ਤੱਕ ਪਹੁੰਚਣ ਦਾ ਸਾਧਨ ਨਹੀਂ, ਸਗੋਂ ਕੁਦਰਤ ਦੇ ਅਨੁਪਮ ਸੁੰਦਰਤਾ-ਲੋਕ ਵਿੱਚ ਦਾਖ਼ਲ ਹੋਣ ਦਾ ਰੋਮਾਂਚਕ ਸੱਦਾ ਹੈ। ਇੱਕ ਪਾਸੇ ਅਥਾਹ ਡੂੰਘੀਆਂ ਖੱਡਾਂ, ਦੂਜੇ ਪਾਸੇ ਅਸਮਾਨ ਨਾਲ ਗੱਲਾਂ ਕਰਦੇ ਸਦੀਆਂ ਪੁਰਾਣੇ ਦੇਵਦਾਰ, ਫਰ ਅਤੇ ਚੀੜ ਦੇ ਸੰਘਣੇ ਜੰਗਲ, ਅਤੇ ਉਨ੍ਹਾਂ ਦੇ ਵਿਚਕਾਰ ਸੱਪ ਵਾਂਗ ਵਲ ਖਾਂਦੀ ਸੜਕ, ਇਹ ਸਭ ਮਿਲ ਕੇ ਅਜਿਹਾ ਮਨਮੋਹਕ ਦ੍ਰਿਸ਼ ਸਿਰਜਦੇ ਹਨ ਕਿ ਹਰ ਮੋੜ 'ਤੇ ਕੁਦਰਤ ਦਾ ਨਵਾਂ ਰੂਪ ਸਾਹਮਣੇ ਆ ਖੜ੍ਹਦਾ ਹੈ। ਗੱਡੀ ਜਿਵੇਂ-ਜਿਵੇਂ ਕਾਲਾ ਟੋਪ ਵੱਲ ਅੱਗੇ ਵਧਦੀ ਹੈ, ਤਿਵੇਂ-ਤਿਵੇਂ ਮਨੁੱਖ ਸ਼ਹਿਰੀ ਜੀਵਨ ਦੀ ਭੱਜਦੌੜ ਤੋਂ ਦੂਰ ਹੋ ਕੇ ਕੁਦਰਤ ਦੀ ਨਿਰਮਲ ਗੋਦ ਵਿੱਚ ਸਮਾਉਂਦਾ ਚਲਾ ਜਾਂਦਾ ਹੈ। ਹਿਮਾਲਿਆ ਦੀਆਂ ਅਸਮਾਨ ਨੂੰ ਛੂਹਦੀਆਂ ਪਹਾੜੀ ਲੜੀਆਂ ਦੀ ਰਹੱਸਮਈ ਗੋਦ ਵਿੱਚ ਵੱਸਿਆ ਕਾਲਾ ਟੋਪ ਡਲਹੌਜ਼ੀ ਦਾ ਉਹ ਅਨਮੋਲ ਕੁਦਰਤੀ ਨਗੀਨਾ ਹੈ, ਜਿੱਥੇ ਪਹੁੰਚਦਿਆਂ ਹੀ ਮਨੁੱਖ ਨੂੰ ਅਹਿਸਾਸ ਹੁੰਦਾ ਹੈ ਕਿ ਉਹ ਕਿਸੇ ਹੋਰ ਹੀ ਲੋਕ ਵਿੱਚ ਆ ਗਿਆ ਹੈ।

ਠੰਢੀ, ਖੁਸ਼ਬੂਦਾਰ ਹਵਾ ਦੇ ਝੋਕੇ, ਦੇਵਦਾਰ ਅਤੇ ਫਰ ਦੇ ਆਕਾਸ਼-ਛੂਹਦੇ ਦਰੱਖਤ, ਧੁੰਦ ਦੀ ਚਿੱਟੀ ਚਾਦਰ ਵਿੱਚ ਲਿਪਟੀਆਂ ਪਹਾੜੀ ਚੋਟੀਆਂ ਅਤੇ ਪੰਛੀਆਂ ਦੀ ਮਿੱਠੀ ਚਹਿਕ ਮਿਲ ਕੇ ਅਜਿਹਾ ਦ੍ਰਿਸ਼ ਸਿਰਜਦੇ ਹਨ ਕਿ ਮਨ ਆਪਣੇ ਆਪ ਹੀ ਕੁਦਰਤ ਦੀ ਯਾਦ ਵਿੱਚ ਖੋ ਜਾਂਦਾ ਹੈ ਫਿਰ ਇੱਥੇ ਆ ਕੇ ਇਉਂ ਲੱਗਦਾ ਹੈ ਜਿਵੇਂ ਸਮੇਂ ਨੇ ਆਪਣੀ ਚਾਲ ਰੋਕ ਲਈ ਹੋਵੇ। ਸ਼ਹਿਰਾਂ ਦਾ ਰੌਲਾ-ਰੱਪਾ, ਰੋਜ਼ਮਰ੍ਹਾ ਦੀਆਂ ਚਿੰਤਾਵਾਂ ਅਤੇ ਜ਼ਿੰਦਗੀ ਦੀ ਅੰਨ੍ਹੀ ਦੌੜ ਕਿਤੇ ਪਿੱਛੇ ਛੁੱਟ ਜਾਂਦੀ ਹੈ। ਸਿਰਫ਼ ਹਵਾ ਦੀ ਸਰਸਰਾਹਟ, ਪੱਤਿਆਂ ਦੀ ਹੌਲੀ ਖੜਖੜਾਹਟ ਅਤੇ ਪੰਛੀਆਂ ਦਾ ਮਿੱਠਾ ਰਾਗ ਹੀ ਮਨ ਨੂੰ ਇੱਕ ਅਨੋਖੇ ਸਕੂਨ ਨਾਲ ਭਰ ਦਿੰਦਾ ਹੈ।

ਮੇਰੇ ਵਿਚਾਰ ਵਿੱਚ ਡਲਹੌਜ਼ੀ ਦੀ ਯਾਤਰਾ ਉਦੋਂ ਤੱਕ ਸੰਪੂਰਨ ਨਹੀਂ ਹੋ ਸਕਦੀ, ਜਦੋਂ ਤੱਕ ਕਾਲਾ ਟੋਪ ਦੀਆਂ ਵਾਦੀਆਂ ਨਾਲ ਮਿਲਾਪ ਨਾ ਕੀਤਾ ਜਾਵੇ।

ਡਲਹੌਜ਼ੀ ਤੋਂ ਕਰੀਬ ਤਿੰਨ ਕਿਲੋਮੀਟਰ ਦੂਰ ਲੱਕੜ ਮੰਡੀ ਵਿਖੇ ਜੰਗਲਾਤ ਵਿਭਾਗ ਦਾ ਪ੍ਰਵੇਸ਼ ਬੈਰੀਅਰ ਹੈ। ਇੱਥੋਂ ਸ਼ੁਰੂ ਹੁੰਦਾ ਗਿਆਰਾਂ ਕਿਲੋਮੀਟਰ ਦਾ ਸਫ਼ਰ ਕਿਸੇ ਹਰੀ ਸੁਰੰਗ ਵਿੱਚੋਂ ਲੰਘਣ ਵਰਗਾ ਲੱਗਦਾ ਹੈ। ਸੈਂਕੜੇ ਸਾਲ ਪੁਰਾਣੇ ਦੇਵਦਾਰ, ਫਰ ਅਤੇ ਚੀੜ ਆਦਿ ਦੇ ਦਰੱਖਤ ਰਸਤੇ ਦੇ ਦੋਵੇਂ ਪਾਸੇ ਇਸ ਤਰ੍ਹਾਂ ਖੜ੍ਹੇ ਦਿਖਾਈ ਦਿੰਦੇ ਹਨ ਜਿਵੇਂ ਉਹ ਹਰ ਆਉਣ ਵਾਲੇ ਯਾਤਰੀ ਦਾ ਸਵਾਗਤ ਕਰ ਰਹੇ ਹੋਣ। ਹਰ ਮੋੜ 'ਤੇ ਕੁਦਰਤ ਨਵਾਂ ਰੂਪ ਵਿਖਾਉਂਦੀ ਹੈ ਅਤੇ ਹਰ ਦ੍ਰਿਸ਼ ਮਨ ਵਿੱਚ ਹਮੇਸ਼ਾ ਲਈ ਵੱਸ ਜਾਂਦਾ ਹੈ।

ਇੱਥੇ ਇਹ ਦੱਸਣਯੋਗ ਹੈ ਕਿ ਇਸੇ ਰਸਤੇ ਦੌਰਾਨ ਇੱਕ ਅਜਿਹਾ ਸੰਜੋਗ ਵਾਪਰਿਆ ਜਿਸ ਨੇ ਯਾਤਰਾ ਨੂੰ ਹੋਰ ਵੀ ਯਾਦਗਾਰ ਬਣਾ ਦਿੱਤਾ। ਕਾਲਾ ਟੋਪ ਵੇਖਣ ਲਈ ਜਾਂਦੇ ਸਮੇਂ ਪ੍ਰਵੇਸ਼ ਪਰਚੀ ਲੈਂਦੇ ਸਮੇਂ ਮੇਰੇ ਡਰਾਈਵਰ ਨੇ ਇੱਕ ਮੱਧ-ਉਮਰ ਦੇ ਵਿਅਕਤੀ ਵੱਲ ਇਸ਼ਾਰਾ ਕਰਦਿਆਂ ਪੁੱਛਿਆ, "ਸਰ ਜੀ, ਜੇ ਆਗਿਆ ਹੋਵੇ ਤਾਂ ਇਨ੍ਹਾਂ ਨੂੰ ਵੀ ਲਿਫ਼ਟ ਦੇ ਦੇਈਏ?" ਮੈਂ ਬਿਨਾਂ ਕਿਸੇ ਝਿਜਕ ਦੇ ਕਿਹਾ, "ਕਿਉਂ ਨਹੀਂ? ਆਓ ਜੀ, ਬੜੇ ਪਿਆਰ ਨਾਲ ਬੈਠੋ।"

ਗੱਡੀ ਚੱਲੀ ਤਾਂ ਮੈਂ ਮੁਸਕਰਾਉਂਦਿਆਂ ਪੁੱਛਿਆ, "ਭਾਈ ਸਾਹਿਬ, ਤੁਹਾਡਾ ਨਾਮ?"

"ਰਤਨ ਚੰਦ," ਉਨ੍ਹਾਂ ਨੇ ਬੜੀ ਸਾਦਗੀ ਨਾਲ ਜਵਾਬ ਦਿੱਤਾ।

ਗੱਲਾਂ-ਗੱਲਾਂ ਵਿੱਚ ਪਤਾ ਲੱਗਾ ਕਿ ਉਹ ਜੰਗਲਾਤ ਵਿਭਾਗ ਦੇ ਕਰਮਚਾਰੀ ਹਨ ਅਤੇ ਕਈ ਸਾਲਾਂ ਤੋਂ ਇਸ ਜੰਗਲ ਦੀ ਸੇਵਾ ਕਰ ਰਹੇ ਹਨ। ਅੱਜ-ਕੱਲ੍ਹ ਉਨ੍ਹਾਂ ਦੀ ਡਿਊਟੀ ਸੈਲਾਨੀਆਂ ਲਈ ਬਣੀਆਂ ਸਹੂਲਤਾਂ ਅਤੇ ਸਫ਼ਾਈ ਦੀ ਦੇਖਭਾਲ ਕਰਨੀ ਹੈ। ਜਦੋਂ ਮੈਂ ਪੁੱਛਿਆ, "ਤੁਸੀਂ ਇਸ ਜੰਗਲ ਨੂੰ ਕਿੰਨਾ ਜਾਣਦੇ ਹੋ?"

ਉਨ੍ਹਾਂ ਦੇ ਚਿਹਰੇ 'ਤੇ ਹੌਲੀ ਜਿਹੀ ਮੁਸਕਾਨ ਖਿੜ ਪਈ।

"ਸਾਹਿਬ, ਤੁਸੀਂ ਇਸ ਜੰਗਲ ਦੇ ਕਿਸੇ ਵੀ ਕੋਨੇ ਬਾਰੇ ਪੁੱਛ ਲਵੋ। ਮੈਂ ਇਸ ਦੇ ਚੱਪੇ-ਚੱਪੇ ਨਾਲ ਜਾਣੂ ਹਾਂ।" ਇਸ ਇੱਕ ਵਾਕ ਨੇ ਯਾਤਰਾ ਨੂੰ ਸਿਰਫ਼ ਸੈਰ ਨਹੀਂ ਰਹਿਣ ਦਿੱਤਾ, ਸਗੋਂ ਇੱਕ ਜ਼ਿੰਦੇ ਜਾਗਦੇ ਇਤਿਹਾਸ ਨਾਲ ਮੁਲਾਕਾਤ ਵਿੱਚ ਬਦਲ ਦਿੱਤਾ।

ਰਤਨ ਚੰਦ ਨੇ ਦੱਸਿਆ ਕਿ ਲਗਭਗ ਇੱਕ ਸਦੀ ਪਹਿਲਾਂ ਕਾਲਾ ਟੋਪ ਦਾ ਜੰਗਲ ਇੰਨਾ ਸੰਘਣਾ ਸੀ ਕਿ ਦੁਪਹਿਰ ਵੇਲੇ ਵੀ ਸੂਰਜ ਦੀਆਂ ਕਿਰਨਾਂ ਧਰਤੀ ਤੱਕ ਨਹੀਂ ਪਹੁੰਚਦੀਆਂ ਸਨ। ਜੰਗਲ ਦੇ ਅੰਦਰ ਹਮੇਸ਼ਾ ਗੂੜ੍ਹੇ ਹਨੇਰੇ ਵਰਗਾ ਮਾਹੌਲ ਬਣਿਆ ਰਹਿੰਦਾ ਸੀ। ਇਸੇ ਗੂੜ੍ਹੇ ਹਨੇਰੇ ਕਰਕੇ ਇਸ ਦਾ ਨਾਮ 'ਕਾਲਾ ਟੋਪ' ਪਿਆ।

ਉਨ੍ਹਾਂ ਨੇ ਇਹ ਵੀ ਦੱਸਿਆ ਕਿ ਜਿੱਥੇ ਅੱਜ ਪ੍ਰਵੇਸ਼ ਬੈਰੀਅਰ ਹੈ, ਉੱਥੇ ਕਦੇ ਲੱਕੜ ਦਾ ਵਿਸ਼ਾਲ ਡਿਪੂ ਹੁੰਦਾ ਸੀ। ਜੰਗਲਾਂ ਵਿੱਚੋਂ ਕੱਟੀ ਲੱਕੜ ਇੱਥੇ ਇਕੱਠੀ ਕੀਤੀ ਜਾਂਦੀ ਅਤੇ ਨਿਲਾਮ ਹੁੰਦੀ ਸੀ। ਇਸੇ ਕਾਰਨ ਇਸ ਸਥਾਨ ਦਾ ਨਾਮ 'ਲੱਕੜ ਮੰਡੀ' ਪਿਆ, ਜੋ ਅੱਜ ਵੀ ਉਸ ਇਤਿਹਾਸ ਦੀ ਯਾਦ ਨੂੰ ਜਿਉਂਦਾ ਰੱਖਦਾ ਹੈ।

ਰਤਨ ਚੰਦ ਸਾਨੂੰ ਜੰਗਲ ਦੇ ਅੰਦਰ ਲੈ ਗਏ। ਉਨ੍ਹਾਂ ਨੇ ਸੌ-ਸਵਾ ਸੌ ਸਾਲ ਪੁਰਾਣੇ ਦੇਵਦਾਰਾਂ ਵੱਲ ਇਸ਼ਾਰਾ ਕਰਦਿਆਂ ਕਿਹਾ, "ਇਨ੍ਹਾਂ ਵਿੱਚੋਂ ਕਈ ਦਰੱਖਤਾਂ ਦੇ ਤਣਿਆਂ ਦਾ ਘੇਰਾ ਮਾਪਣ ਲਈ ਆਮ ਫੀਤਾ ਵੀ ਛੋਟਾ ਪੈ ਜਾਂਦਾ ਹੈ।"

ਸੱਚਮੁੱਚ, ਉਹ ਵਿਸ਼ਾਲ ਦਰੱਖਤ ਕੁਦਰਤ ਦੇ ਪ੍ਰਾਚੀਨ ਪਹਿਰੇਦਾਰ ਜਾਪਦੇ ਸਨ, ਜੋ ਸਦੀਆਂ ਤੋਂ ਇਸ ਜੰਗਲ ਦੀ ਰਾਖੀ ਕਰ ਰਹੇ ਹੋਣ। ਬਰਸਾਤ ਦੇ ਮੌਸਮ ਵਿੱਚ ਤਾਂ ਇਹ ਸਾਰਾ ਜੰਗਲ ਗੂੜ੍ਹੇ ਹਰੇ ਰੰਗ ਦੀ ਚਾਦਰ ਓੜ੍ਹ ਲੈਂਦਾ ਹੈ ਅਤੇ ਇਉਂ ਲੱਗਦਾ ਹੈ ਜਿਵੇਂ ਕਿਸੇ ਮਹਾਨ ਚਿੱਤਰਕਾਰ ਨੇ ਧਰਤੀ ਉੱਤੇ ਹਰਿਆਲੀ ਦਾ ਅਨੰਤ ਚਿੱਤਰ-ਪਟ (ਕੈਨਵਸ) ਵਿਛਾ ਦਿੱਤਾ ਹੋਵੇ।

ਕਾਲਾ ਟੋਪ ਵੱਲ ਜਾਂਦੇ ਰਸਤੇ ਦਾ ਇੱਕ ਹੋਰ ਦਿਲਚਸਪ ਅਤੇ ਹੈਰਾਨ ਕਰਨ ਵਾਲਾ ਦ੍ਰਿਸ਼ ਸੈਲਾਨੀਆਂ ਦਾ ਧਿਆਨ ਆਪਣੇ ਵੱਲ ਖਿੱਚਦਾ ਹੈ। ਰਸਤੇ ਦੇ ਦੋਵਾਂ ਪਾਸਿਆਂ ਕਈ ਵਿਸ਼ਾਲ ਦੇਵਦਾਰ ਅਤੇ ਹੋਰ ਕੀਮਤੀ ਦਰੱਖਤ ਤੇਜ਼ ਹਨੇਰੀ ਜਾਂ ਆਪਣੀ ਕੁਦਰਤੀ ਉਮਰ ਪੂਰੀ ਹੋਣ ਕਾਰਨ ਧਰਤੀ 'ਤੇ ਡਿੱਗੇ ਨਜ਼ਰ ਆਉਂਦੇ ਹਨ। ਇਨ੍ਹਾਂ ਦੀ ਲੱਕੜ ਦੀ ਕੀਮਤ ਲੱਖਾਂ ਰੁਪਏ ਤੱਕ ਅੰਕੀ ਜਾਂਦੀ ਹੈ, ਪਰ ਹੈਰਾਨੀ ਦੀ ਗੱਲ ਇਹ ਹੈ ਕਿ ਨਾ ਤਾਂ ਇਹ ਲੱਕੜ ਵੇਚੀ ਜਾਂਦੀ ਹੈ ਅਤੇ ਨਾ ਹੀ ਜੰਗਲ ਵਿੱਚੋਂ ਬਾਹਰ ਕੱਢੀ ਜਾਂਦੀ ਹੈ।

ਜੰਗਲ ਵਿਭਾਗ ਦੀ ਨੀਤੀ ਅਨੁਸਾਰ ਇਹ ਡਿੱਗੇ ਹੋਏ ਦਰੱਖਤ ਕੁਦਰਤ ਦੀ ਗੋਦ ਵਿੱਚ ਹੀ ਛੱਡ ਦਿੱਤੇ ਜਾਂਦੇ ਹਨ, ਜਿੱਥੇ ਸਮੇਂ ਦੇ ਨਾਲ ਇਹ ਹੌਲੀ-ਹੌਲੀ ਗਲ ਕੇ ਮੁੜ ਮਿੱਟੀ ਵਿੱਚ ਰਲ ਜਾਂਦੇ ਹਨ। ਕੁਦਰਤ ਦੇ ਇਸ ਅਨੋਖੇ ਚੱਕਰ ਨੂੰ ਦੇਖ ਕੇ ਅਹਿਸਾਸ ਹੁੰਦਾ ਹੈ ਕਿ ਜੰਗਲ ਸਿਰਫ਼ ਹਰੇ-ਭਰੇ ਦਰੱਖਤਾਂ ਦਾ ਨਾਮ ਨਹੀਂ, ਸਗੋਂ ਜੀਵਨ, ਮੌਤ ਅਤੇ ਪੁਨਰ-ਜਨਮ ਦੀ ਇੱਕ ਸਦੀਵੀ ਪ੍ਰਕਿਰਿਆ ਦਾ ਜ਼ਿੰਦਾ ਪ੍ਰਤੀਕ ਹਨ। ਡਿੱਗੇ ਹੋਏ ਇਹ ਦਰੱਖਤ ਅਨੇਕਾਂ ਕੀੜੇ-ਮਕੌੜਿਆਂ, ਕਾਈ, ਫਫੂੰਦ (ਉੱਲੀ)ਅਤੇ ਸੂਖਮ ਜੀਵਾਂ ਲਈ ਆਸਰਾ ਬਣਦੇ ਹਨ ਅਤੇ ਅੰਤ ਵਿੱਚ ਉਪਜਾਊ ਮਿੱਟੀ ਵਿੱਚ ਬਦਲ ਕੇ ਨਵੀਂ ਬਨਸਪਤੀ ਨੂੰ ਜੀਵਨ ਦਿੰਦੇ ਹਨ। ਇਹ ਦ੍ਰਿਸ਼ ਮਨੁੱਖ ਨੂੰ ਇਹ ਸੰਦੇਸ਼ ਵੀ ਦਿੰਦਾ ਹੈ ਕਿ ਕੁਦਰਤ ਵਿੱਚ ਕੁਝ ਵੀ ਵਿਅਰਥ ਨਹੀਂ ਜਾਂਦਾ, ਹਰ ਅੰਤ ਇੱਕ ਨਵੀਂ ਸ਼ੁਰੂਆਤ ਦਾ ਆਧਾਰ ਬਣਦਾ ਹੈ।

ਕਾਲਾ ਟੋਪ ਸਿਰਫ਼ ਰੁੱਖਾਂ ਦਾ ਜੰਗਲ ਨਹੀਂ, ਸਗੋਂ ਜੰਗਲੀ ਜੀਵਾਂ ਅਤੇ ਰੰਗ-ਬਿਰੰਗੇ ਪੰਛੀਆਂ ਦਾ ਵੀ ਸੁਰੱਖਿਅਤ ਆਸ਼ਿਆਨਾ ਹੈ। ਰਿੱਛ, ਤੇਂਦੂਏ, ਹਿਮਾਲਿਆਈ ਘੋਰਲ, ਭੌਂਕਣ ਵਾਲੇ ਹਿਰਨ, ਲੂੰਬੜ, ਗਿੱਦੜ ਅਤੇ ਬਿੱਲੇ-ਬਿੱਲੀਆਂ ਇੱਥੋਂ ਦੀ ਜੈਵਿਕ ਵਿਭਿੰਨਤਾ ਨੂੰ ਜ਼ਿੰਦਾ ਰੱਖਦੇ ਹਨ। ਦੂਜੇ ਪਾਸੇ

ਪਹਾੜੀ ਮੋਰ,ਜੰਗਲੀ ਤਿੱਤਰ,ਅਤੇ ਕੋਕਲਾਸ ਤੀਤਰ, ਕਠਫੋੜੇ (ਲੱਕੜ-ਠੋਕਣ ਵਾਲੇ ਪੰਛੀ) ਅਤੇ ਬੁਲਬੁਲਾਂ ਦੀ ਚਹਿਕ ਇਸ ਜੰਗਲ ਦੀ ਖ਼ਾਮੋਸ਼ੀ ਨੂੰ ਵੀ ਸੰਗੀਤ ਵਿੱਚ ਬਦਲ ਦਿੰਦੀਆ ਹਨ।

ਕਾਲਾ ਟੋਪ ਵਿੱਖੇ ਬੱਚਿਆਂ ਦੇ ਮਨੋਰੰਜਨ ਲਈ ਐਡਵੈਂਚਰ ਗਤੀਵਿਧੀਆਂ, ਅਤੇ ਰੋਮਾਂਚਕ ਖੇਡਾਂ ਦਾ ਪ੍ਰਬੰਧ ਕੀਤਾ ਗਿਆ ਹੈ ਅਤੇ ਖਾਣ-ਪੀਣ ਦੇ ਸ਼ੌਕੀਨਾਂ ਵੀ ਕਾਲਾ ਟੋਪ ਸਥਿਤ ਹੋਟਲ ਵਿੱਚ ਰਹਿਣ ਬਸੇਰਾ ਕਰ ਸਕਦੇ ਹਨ, ਉਥੇ ਹਰ ਤਰ੍ਹਾਂ ਦੇ ਪਕਵਾਨਾਂ ਤੋਂ ਲੈ ਕੇ ਉੱਤਰੀ ਭਾਰਤੀ ਵਿਅੰਜਨਾਂ ਤੱਕ ਹਰ ਕਿਸਮ ਦਾ ਸੁਆਦ ਉਪਲਬਧ ਹੈ। ਠੰਢੇ ਮੌਸਮ ਵਿੱਚ ਗਰਮਾ-ਗਰਮ ਚਾਹ-ਪਕੌੜੇ, ਕੌਫ਼ੀ, ਦੀਆਂ ਚੁਸਕੀਆਂ ਲੈਂਦਿਆਂ, ਜਦੋਂ ਸਾਹਮਣੇ ਧੁੰਦ ਵਿੱਚ ਲਪੇਟੇ ਪਹਾੜ ਅਤੇ ਦੇਵਦਾਰਾਂ ਦੀਆਂ ਕਤਾਰਾਂ ਦਿਸਦੀਆਂ ਹਨ ਤਾਂ ਲੱਗਦਾ ਹੈ ਕਿ ਕੁਦਰਤ ਨੇ ਮਨੁੱਖ ਲਈ ਇਸ ਤੋਂ ਵੱਡਾ ਤੋਹਫ਼ਾ ਹੋਰ ਕੋਈ ਨਹੀਂ ਰਚਿਆ।

ਜਦੋਂ ਵਾਪਸੀ ਦਾ ਰਸਤਾ ਸ਼ੁਰੂ ਹੁੰਦਾ ਹੈ, ਤਾਂ ਲੱਗਦਾ ਹੈ ਜਿਵੇਂ ਪਿੱਛੇ ਸਿਰਫ਼ ਇੱਕ ਜੰਗਲ ਨਹੀਂ ਛੁੱਟਿਆ, ਸਗੋਂ ਸਮੇਂ ਦੀ ਇੱਕ ਹੋਰ ਹੀ ਦੁਨੀਆ ਛੁੱਟ ਗਈ ਹੋਵੇ। ਉਹ ਦੁਨੀਆ ਜਿੱਥੇ ਹਵਾ ਬੋਲਦੀ ਹੈ, ਦਰੱਖਤ ਸੁਣਦੇ ਹਨ ਅਤੇ ਖ਼ਾਮੋਸ਼ੀ ਖੁਦ ਇੱਕ ਸੰਗੀਤ ਬਣ ਜਾਂਦੀ ਹੈ।

ਕਾਲਾ ਟੋਪ ਸਿਰਫ਼ ਇੱਕ ਸੈਰ ਨਹੀਂ, ਇਹ ਕੁਦਰਤ ਨਾਲ ਮੁਲਾਕਾਤ ਹੈ, ਆਪਣੇ ਆਪ ਨਾਲ ਸਾਂਝ ਹੈ ਅਤੇ ਉਸ ਖ਼ਾਮੋਸ਼ ਸੁੰਦਰਤਾ ਦੀ ਯਾਤਰਾ ਹੈ ਜੋ ਸ਼ਹਿਰਾਂ ਦੇ ਸ਼ੋਰ ਵਿੱਚ ਕਿਤੇ ਗੁੰਮ ਹੋ ਚੁੱਕੀ ਹੈ।

ਡਲਹੌਜ਼ੀ ਆਓ ਤਾਂ ਠੀਕ... ਪਰ ਕਾਲਾ ਟੋਪ ਨਾ ਵੇਖਿਆ, ਤਾਂ ਸਮਝੋ ਯਾਤਰਾ ਅਧੂਰੀ ਰਹਿ ਗਈ।

**Information in Public Interest**

To listen to **Dr.Gurdip Singh Sandhu** health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

**Contact:(408) 687-1899, (925) 587-1148**


ਕਈ ਵੀਰਾਂ ਦੇ
LICENSE CANCEL
ਹੋ ਰਹੇ ਹਨ ਤੇ ਹੁਣ
ਉਹ ਆਪਣਾ ਟਰੱਕ ਵੀ ਨਹੀਂ
ਚਲਾ ਸਕਦੇ।
ਕਿਉਂਕਿ DMV ਕਈ ਲੋਕਾਂ ਦੇ CDL License Cancel ਕਰ ਰਿਹਾ
ਖਾਸ ਕਰਕੇ ਉਹਨਾਂ ਦੇ ਜਿਨ੍ਹਾਂ ਕੋਲ
Green Card ਨਹੀਂ ਹੈ | I-485 Application ਅਜੇ Pending ਹੈ।
Ghuman Law Group ਤੁਹਾਡੇ ਨਾਲ ਹੈ
ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ :
Green Card Case ਨੂੰ ਜਲਦੀ ਹੱਲ ਕਰਨ ਵਿੱਚ
CDL ਅਤੇ ਕੰਮ ਨੂੰ ਬਚਾਉਣ ਲਈ Legal Guidance
Deportation ਜਾਂ Immigration Detention Cases ਵਿੱਚ Legal Advice
Appeals ਅਤੇ Immigration Process ਵਿੱਚ ਸਹਾਇਤਾ
Estate Planning ਰਾਹੀਂ Property ਅਤੇ Assets ਨੂੰ safe ਕਰਨ ਵਿੱਚ ਮਦਦ
ਤੁਹਾਡੇ ਪਰਿਵਾਰ ਦੇ ਭਵਿੱਖ ਨੂੰ Secure ਬਣਾਉਣ ਵਿੱਚ ਸਹਾਇਤਾ
GHUMAN LAW GROUP INC.
Criminal Defense, Family and Immigration Law
Deportation ਜਾਂ Immigration Process ਦੇ ਦੌਰਾਨ ਘਰ, ਨੌਕਰੀ, ਜਾਇਦਾਦ ਤੇ ਮਿਹਨਤ ਦੀ ਕਮਾਈ ਤਕ ਖਤਰੇ ਵਿੱਚ ਪੈ ਸਕਦੇ ਹਨ
ਹੁਣੇ ਸੰਪਰਕ ਕਰੋ : (228) 200-0001 (ਮੁਫ਼ਤ ਸਲਾਹ ਵੀ ਉਪਲਬਧ ਹੈ)
Ghuman Law Group ਤੁਹਾਡੇ ਹੱਕਾਂ ਦੀ ਮਜ਼ਬੂਤ ਆਵਾਜ਼ | ਤੁਹਾਡਾ Legal Partner

# ਗੁਰਦੁਆਰਾ ਦਮਦਮਾ ਸਾਹਿਬ ਇਤਿਹਾਸ ਪਰੰਪਰਾ ਅਤੇ ਮਹਾਂਪੁਰਖਾਂ ਦੇ ਪਰਉਪਕਾਰੀ ਜੀਵਨ

**ਫਰੈਂਕਫਰਟ ਸਰਬਜੀਤ ਸਿੰਘ**

ਕੌਮਾਂਤਰੀ ਪੰਜਾਬੀ ਕਾਫ਼ਲਾ ਇਟਲੀ ਦੇ ਜਨਰਲ ਸਕੱਤਰ ਮੁਖਤਾਰ ਸਿੰਘ ਚੰਦੀ ਦੀ ਤੀਸਰੀ ਪੁਸਤਕ ਗੁਰਦੁਆਰਾ ਦਮਦਮਾ ਸਾਹਿਬ ਠੱਟਾ ਦੇ ਇਤਿਹਾਸ ਪਰੰਪਰਾ ਅਤੇ ਮਹਾਂਪੁਰਖਾਂ ਦੇ ਪਰਉਪਕਾਰੀ ਜੀਵਨ ਬਾਰੇ ਪ੍ਰੋਗਰਾਮ 'ਅੱਖਰ ਬੋਲਦੇ ਹਨ' ਵਿੱਚ ਬਹੁਤ ਸਾਰੇ ਸਤਿਕਾਰਯੋਗ ਵਿਦਵਾਨਾਂ ਵਲੋਂ ਗੱਲਬਾਤ ਕੀਤੀ ਗਈ। ਚੰਦੀ ਨੇ ਇਹ ਪੁਸਤਕ ਆਪਣੇ ਸਤਿਕਾਰਯੋਗ ਮਾਤਾ ਬੀਬੀ ਚਰਨ ਕੌਰ ਜੀ ਅਤੇ ਪੂਜਨੀਕ ਪਿਤਾ ਸਰਦਾਰ ਸੁੱਚਾ ਸਿੰਘ ਜੀ ਨੂੰ ਸਮਰਪਿਤ ਕੀਤੀ ਹੈ ਤੇ ਨਾਲ ਹੀ ਉਹਨਾਂ ਮਹਾਨ ਧਾਰਮਿਕ ਸ਼ਖ਼ਸੀਅਤਾਂ ਨੂੰ ਸਿਜਦਾ ਕਰਦਿਆਂ ਧੰਨਵਾਦ ਕੀਤਾ ਹੈ ਜਿਹਨਾਂ ਕਰਕੇ ਉਹਨਾਂ ਨੂੰ ਇਸ ਤਰ੍ਹਾਂ ਧਾਰਮਿਕ ਵਿਚਾਰਾਂ ਵਾਲਾ ਮਹਾਨ ਜੀਵਨ ਮਿਲਿਆ ਹੈ।


ਪ੍ਰੋਗਰਾਮ ਦੀ ਸ਼ੁਰੂਆਤ ਮੌਕੇ ਭੈਣ ਪੋਲੀ ਬਰਾੜ ਅਮਰੀਕਾ ਵਲੋਂ ਹਾਜ਼ਰੀਨ ਸਾਰੇ ਵਿਦਵਾਨਾਂ ਨੂੰ ਪਿਆਰ ਸਤਿਕਾਰ ਨਾਲ "ਜੀ ਆਇਆਂ ਨੂੰ" ਆਖਿਆ ਗਿਆ। ਮੰਚ ਸੰਚਾਲਨ ਕਰਦਿਆਂ ਸਰਬਜੀਤ ਸਿੰਘ ਜਰਮਨੀ ਨੇ ਸਭ ਤੋਂ ਪਹਿਲਾਂ ਸੱਦਾ ਸੇਵਾ ਮੁਕਤ ਪ੍ਰਿੰਸੀਪਲ ਪ੍ਰਸਿੱਧ ਗ਼ਜ਼ਲਗੋ ਤੇ ਸ਼ਾਇਰ ਗੁਰਚਰਨ ਸਿੰਘ ਜੋਗੀ ਨੂੰ ਦਿੱਤਾ ਜਿਹਨਾਂ ਨੇ ਇਤਿਹਾਸ ਸ਼ਬਦ ਬਾਰੇ ਖੁੱਲ੍ਹ ਕੇ ਚਾਨਣਾ ਪਾਇਆ ਤੇ ਕਿਤਾਬ ਬਾਰੇ ਆਪਣੇ ਕੀਮਤੀ ਵਿਚਾਰ ਪੇਸ਼ ਕੀਤੇ।

ਦੂਜੇ ਸੱਦੇ ਤੇ ਡਾਕਟਰ ਪਰਮਜੀਤ ਸਿੰਘ ਮਾਨਸਾ ਨੇ ਆਪਣੇ ਕੀਮਤੀ ਵਿਚਾਰਾਂ ਦੀ ਸਾਂਝ ਪਾਈ। ਡਾਕਟਰ ਸਾਹਿਬ ਭਾਵੇਂ ਆਰ ਸੀ ਐਫ ਚੋਂ ਬਤੌਰ ਟੈਕਨੀਸ਼ੀਅਨ ਸੇਵਾ ਮੁਕਤ ਹੋਏ ਹਨ। ਪਰ ਉਹ ਆਪ ਸਾਹਿਤਕ ਖੇਤਰ ਵਿੱਚ ਵੱਡੇ ਖੋਜੀ ਹਨ ਤੇ ਖਾਸ ਕਰਕੇ ਧਾਰਮਿਕ ਵਿਸ਼ਿਆਂ ਤੇ ਵਿਚਾਰ ਚਰਚਾ ਵਿੱਚ ਭਾਗ ਲੈਂਦੇ ਹਨ। ਡਾਕਟਰ ਸਾਹਿਬ ਨੇ ਵਿਚਾਰ ਸਾਂਝੇ ਕਰਦਿਆਂ ਆਖਿਆ ਕਿ ਜਦੋਂ ਕੋਈ ਲੇਖਕ ਕਿਸੇ ਸੰਤ, ਮਹਾਂਪੁਰਖ ਜਾਂ ਬ੍ਰਹਮ ਗਿਆਨੀ ਬਾਰੇ ਲਿਖਦਾ ਹੈ ਤਾਂ ਉਹਨਾਂ ਦਾ ਆਸ਼ੀਰਵਾਦ ਉਸ ਲੇਖਕ ਨੂੰ ਮਿਲਦਾ ਹੈ ਤੇ ਉਹਨਾਂ ਦੀ ਰੂਹਾਨੀ ਦ੍ਰਿਸ਼ਟੀ ਦਾ ਪ੍ਰਭਾਵ ਲੇਖਕ ਵਿੱਚੋਂ ਝਲਕਣ ਲੱਗਦਾ ਹੈ। ਡਾਕਟਰ ਸਾਹਿਬ ਦੇ ਬੋਲਾਂ ਤੋਂ ਉਹਨਾਂ ਦੀ ਰੂਹਾਨੀ ਤੇ ਵਿਲੱਖਣ ਸ਼ਖ਼ਸੀਅਤ ਨੂੰ ਮਹਿਸੂਸ ਕੀਤਾ ਜਾ ਸਕਦਾ ਸੀ। ਉਹਨਾਂ ਨਾਲ ਹੀ ਇਹ ਵੀ ਦੱਸਿਆ ਕਿ ਸੰਤ ਕਰਤਾਰ ਸਿੰਘ ਅਤੇ ਸੰਤ ਬਾਬਾ ਬੀਰ ਸਿੰਘ ਨੌਰੰਗਾਬਾਦੀ ਵਿੱਚ ਲੋਕ ਬਹੁਤ ਸ਼ਰਧਾ ਰੱਖਦੇ ਸਨ। ਉਹਨਾਂ ਚੰਦੀ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਸ ਤਰ੍ਹਾਂ ਮਹਾਂਪੁਰਖਾਂ ਦੀਆਂ ਜੀਵਨੀਆਂ ਤੇ ਕਿਤਾਬਾਂ ਲਿਖੀਆਂ ਜਾਣੀਆਂ ਚਾਹੀਦੀਆਂ ਹਨ ਤਾਂ ਜੋ ਸਭ ਨੂੰ ਸਹੀ ਇਤਿਹਾਸ ਦੀ ਜਾਣਕਾਰੀ ਹੋਵੇ।



ਤੀਸਰੇ ਸੱਦੇ ਤੇ ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਡਾਕਟਰ ਰਾਮ ਮੂਰਤੀ ਨੇ ਪੁਸਤਕ ਬਾਰੇ ਆਪਣੇ ਡੂੰਘੇ ਵਿਚਾਰਾਂ ਦੀ ਸਾਂਝ ਪਾਈ। ਡਾਕਟਰ ਸਾਹਿਬ ਬਤੌਰ ਪ੍ਰੋਫੈਸਰ ਸੇਵਾਵਾਂ ਨਿਭਾ ਚੁੱਕੇ ਹਨ ਅਤੇ ਅੱਜ ਬਤੌਰ ਡਾਇਰੈਕਟਰ ਸੇਵਾਵਾਂ ਨਿਭਾ ਰਹੇ ਹਨ। ਡਾਕਟਰ ਸਾਹਿਬ ਜੀ ਨੇ ਸਿੱਖਾਂ ਨੂੰ ਦੂਰ-ਅੰਦੇਸ਼ੀ ਹੋਣ ਲਈ ਬੇਨਤੀ ਵੀ ਕੀਤੀ ਤੇ ਸਿੱਖਾਂ ਦੀ ਧਾਰਮਿਕ ਸੰਸਥਾਵਾਂ ਨੂੰ ਸੰਭਲ ਕੇ ਚੱਲਣ ਦਾ ਇਸ਼ਾਰਾ ਵੀ ਕੀਤਾ।

ਅਗਲੇ ਸੱਦੇ ਤੇ ਸੇਵਾ ਮੁਕਤ ਪ੍ਰਿੰਸੀਪਲ ਲਖਬੀਰ ਸਿੰਘ ਜੀ ਜੋ ਚੰਦੀ ਦੇ ਮਿੱਤਰ ਪਿਆਰੇ ਹਨ ਤੇ ਕੌਮਾਂਤਰੀ ਪੰਜਾਬੀ ਕਾਫ਼ਲਾ ਦੇ ਸਹਾਇਕ ਸਕੱਤਰ ਵੀ ਹਨ, ਉਹਨਾਂ ਨੇ ਪੁਸਤਕ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੰਦਿਆਂ ਕਿਹਾ ਕਿ ਹੁਣ ਤੱਕ ਬਹੁਤੇ ਲੋਕਾਂ ਨੂੰ ਮਹਾਂਪੁਰਸ਼ਾਂ ਦੇ ਜੀਵਨ ਤੇ ਸਮਾਜ ਨੂੰ ਦੇਣ ਬਾਰੇ ਬਹੁਤ ਘੱਟ ਜਾਣਕਾਰੀ ਸੀ। ਉਨ੍ਹਾਂ ਇਹ ਵੀ ਕਿਹਾ ਕਿ ਚੰਦੀ ਨੇ ਇਸ ਪੁਸਤਕ ਦਾ ਹਰ ਅਧਿਆਇ ਖੋਜ ਕਰਨ ਉਪਰੰਤ ਲਿਖਿਆ ਹੈ ਤੇ ਪ੍ਰਿੰਸੀਪਲ ਨੇ ਇਸ ਵਿੱਚ ਉਹਨਾਂ ਨੂੰ ਸਮੇਂ ਸਮੇਂ ਸਿਰ ਬਣਦਾ ਯੋਗਦਾਨ ਵੀ ਦਿੱਤਾ।



ਅਗਲੇ ਸੱਦੇ ਤੇ ਬਿੰਦਰ ਕੋਲੀਆਂ ਵਾਲ ਜੋ ਕੌਮਾਂਤਰੀ ਪੰਜਾਬੀ ਕਾਫ਼ਲਾ ਇਟਲੀ ਦੇ ਪ੍ਰਧਾਨ ਹਨ ਤੇ ਬਹੁਤ ਸਾਰੇ ਸਮਾਜਿਕ ਵਿਸ਼ਿਆਂ ਤੇ ਨਾਵਲ, ਕਹਾਣੀ ਸੰਗ੍ਰਹਿ, ਕਾਵਿ ਸੰਗ੍ਰਹਿ ਸਮੇਤ ਹੁਣ ਤੱਕ 13 ਕਿਤਾਬਾਂ ਲਿਖ ਚੁੱਕੇ ਹਨ। ਬਿੰਦਰ ਜੀ ਨੇ ਦੱਸਿਆ ਕਿ ਕਿਤਾਬ ਪੜਦਿਆਂ ਜਦੋਂ ਉਹਨਾਂ ਦੇ ਪਿੰਡ ਦਾ ਜ਼ਿਕਰ ਹੋਇਆ ਤਾਂ ਉਹਨਾਂ ਨੂੰ ਬਹੁਤ ਖੁਸ਼ੀ ਹੋਈ ਤੇ ਆਪਣੇ ਵੱਡੇ ਵਡੇਰਿਆਂ ਦੀ ਇਮਾਨਦਾਰੀ ਤੇ ਬਹੁਤ ਮਾਣ ਮਹਿਸੂਸ ਹੋਇਆ। ਪ੍ਰੋਗਰਾਮ ਦੇ ਅਖੀਰ ਵਿੱਚ ਸਰੋਤਿਆਂ ਦੀਆਂ ਹੌਂਸਲਾ ਅਫਜਾਈ ਕਰਦੀਆਂ ਟਿੱਪਣੀਆਂ ਪੜ੍ਹ ਕੇ ਸਰੋਤਿਆਂ ਦਾ ਸ਼ੁਕਰਾਨਾ ਕੀਤਾ ਗਿਆ। ਜੇਕਰ ਤੁਸੀਂ ਵੀ ਮੁਖਤਾਰ ਸਿੰਘ ਚੰਦੀ ਦੀ ਇਹ ਪੁਸਤਕ ਪੜ੍ਹਨਾ ਚਾਹੁੰਦੇ ਹੋ ਤਾਂ ਪ੍ਰਕਾਸ਼ਕ ਭਾਈ ਚਤਰ ਸਿੰਘ ਜੀਵਨ ਸਿੰਘ, ਬਜ਼ਾਰ ਮਾਈ ਸੇਵਾ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਮੰਗਵਾ ਸਕਦੇ ਹੋ ਜੀ।

# ਆਸਟ੍ਰੇਲੀਆ ਵਿੱਚ ਐਚ5ਐਨ1 ਬਰਡ ਫਲੂ ਦੇ 7 ਨਵੇਂ ਸ਼ੱਕੀ ਮਾਮਲੇ ਆਏ ਸਾਹਮਣੇ

**ਕੈਨਬਰਾ ਸਾਂਝੀ ਸੋਚ ਬਿਊਰੋ**

ਦੱਖਣੀ ਆਸਟ੍ਰੇਲੀਆ (ਐਸਏ) ਦੇ ਅਧਿਕਾਰੀਆਂ ਨੇ ਸੋਮਵਾਰ ਨੂੰ ਘਾਤਕ ਐਚ5ਐਨ1 ਬਰਡ ਫਲੂ ਸਟ੍ਰੇਨ ਦੇ 7 ਨਵੇਂ ਸ਼ੱਕੀ ਮਾਮਲਿਆਂ ਦੀ ਰਿਪੋਰਟ ਕੀਤੀ। ਐਸਏ ਦੇ ਪ੍ਰਾਇਮਰੀ ਇੰਡਸਟਰੀਜ਼ ਅਤੇ ਰੀਜਨਲ ਡਿਵੈਲਪਮੈਂਟ ਮੰਤਰੀ ਕਲੇਅਰ ਸਕ੍ਰਾਈਵਨ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸਾਰੇ ਸੱਤ ਨਵੇਂ ਸ਼ੱਕੀ ਮਾਮਲੇ ਰਾਜ ਦੇ ਦੱਖਣ-ਪੂਰਬੀ ਲਾਈਮਸਟੋਨ ਕੋਸਟ 'ਤੇ ਸਥਿਤ ਗ੍ਰੇਟਰ ਕ੍ਰੇਸਟੇਡ ਟਰਨਜ਼ ਵਿੱਚ ਪਾਏ ਗਏ ਹਨ।

ਸ਼ੱਕੀ ਨਵੇਂ ਮਾਮਲਿਆਂ ਵਿੱਚੋਂ, ਉਸਨੇ ਕਿਹਾ ਕਿ ਦੋ ਦਿਨਾਂ ਵਿੱਚ ਇੱਕੋ ਸ਼ਹਿਰ ਵਿੱਚ ਪੰਜ ਪਾਏ ਗਏ ਹਨ। ਸਾਰੇ ਸੱਤ ਪੰਛੀਆਂ ਦੇ ਨਮੂਨਿਆਂ ਦੀ ਸ਼ੁਰੂਆਤ ਵਿੱਚ ਸਥਾਨਕ ਅਧਿਕਾਰੀਆਂ ਦੁਆਰਾ ਜਾਂਚ ਕੀਤੀ ਗਈ ਸੀ ਅਤੇ ਹੁਣ ਇਹ ਨਿਰਧਾਰਤ ਕਰਨ ਲਈ ਆਸਟ੍ਰੇਲੀਅਨ ਸੈਂਟਰ ਫਾਰ ਡਿਜ਼ੀਜ਼ ਪ੍ਰੀਪੇਅਰਡਨੇਸ ਦੁਆਰਾ ਪੁਸ਼ਟੀਕਰਨ ਜਾਂਚ ਲਈ ਭੇਜੇ ਗਏ ਹਨ ਕਿ ਕੀ ਸਥਾਨਕ ਪ੍ਰਸਾਰਣ ਹੋਇਆ ਹੈ।

ਇੱਕ ਵਾਰ ਪੁਸ਼ਟੀ ਹੋਣ ਤੋਂ ਬਾਅਦ, ਜੂਨ ਦੇ ਅੱਧ ਵਿੱਚ ਮੁੱਖ ਭੂਮੀ 'ਤੇ ਪਹਿਲੀ ਵਾਰ ਬਹੁਤ ਜ਼ਿਆਦਾ ਜਰਾਸੀਮ ਸਟ੍ਰੇਨ ਦਾ ਪਤਾ ਲੱਗਣ ਤੋਂ ਬਾਅਦ ਆਸਟ੍ਰੇਲੀਆ ਵਿੱਚ ਐਚ5ਐਨ1 ਮਾਮਲਿਆਂ ਦੀ ਕੁੱਲ ਗਿਣਤੀ 27 ਹੋ ਜਾਵੇਗੀ।ਸਾਊਥ ਅਫਰੀਕਾ ਦੇ ਮੁੱਖ ਵੈਟਰਨਰੀ ਅਫਸਰ ਸਕਾਈ ਫਰੂਅਨ ਨੇ ਸਕ੍ਰਾਈਵਨ ਨਾਲ ਗੱਲ ਕਰਦੇ ਹੋਏ ਕਿਹਾ ਕਿ ਸਥਾਨਕ ਅਧਿਕਾਰੀ ਉਨ੍ਹਾਂ ਖੇਤਰਾਂ ਵਿੱਚ ਨਿਗਰਾਨੀ ਵਧਾਉਣਗੇ ਜਿੱਥੇ ਉਹ ਸਮੁੰਦਰੀ ਪੰਛੀਆਂ ਨੂੰ ਘਾਤਕ ਤਣਾਅ ਦੇ ਵਾਹਕ ਹੋਣ ਲਈ ਉੱਚ-ਜੋਖਮ ਵਾਲੀਆਂ ਪ੍ਰਜਾਤੀਆਂ ਮੰਨੇ ਜਾਣ ਦੀ ਉਮੀਦ ਕਰਦੇ ਹਨ, ਜਿਸ ਵਿੱਚ ਕਰੈਸਟਡ ਟਰਨ ਵੀ ਸ਼ਾਮਲ ਹਨ।




ਖੇਤੀਬਾੜੀ, ਮੱਛੀ ਪਾਲਣ ਅਤੇ ਜੰਗਲਾਤ ਮੰਤਰੀ ਜੂਲੀ ਕੋਲਿਨਜ਼ ਨੇ ਸੋਮਵਾਰ ਨੂੰ ਪਹਿਲਾਂ ਕਿਹਾ ਸੀ ਕਿ ਆਸਟ੍ਰੇਲੀਆ ਵਿੱਚ ਕੋਈ ਵੀ ਐਚ5ਐਨ1 ਸਮੂਹਿਕ ਮੌਤ ਦੀਆਂ ਘਟਨਾਵਾਂ ਨਹੀਂ ਹੋਈਆਂ ਹਨ ਅਤੇ ਪੋਲਟਰੀ ਜਾਂ ਖੇਤੀਬਾੜੀ ਪ੍ਰਣਾਲੀਆਂ ਵਿੱਚ ਇਸ ਤਣਾਅ ਦਾ ਕੋਈ ਸਬੂਤ ਨਹੀਂ ਮਿਲਿਆ ਹੈ। ਨਿਊਜ਼ ਏਜੰਸੀ ਦੀ ਰਿਪੋਰਟ ਅਨੁਸਾਰ, ਉਸਨੇ ਕਿਹਾ ਕਿ ਮਨੁੱਖੀ ਸਿਹਤ ਲਈ ਜੋਖਮ ਘੱਟ ਰਹਿੰਦਾ ਹੈ।ਐਚ5ਐਨ1 ਇੱਕ ਬਹੁਤ ਹੀ ਰੋਗਜਨਕ ਏਵੀਅਨ ਇਨਫਲੂਐਂਜ਼ਾ ਵਾਇਰਸ ਹੈ ਜੋ ਪੰਛੀਆਂ ਵਿਚਕਾਰ ਆਸਾਨੀ ਨਾਲ ਸੰਚਾਰਿਤ ਹੁੰਦਾ ਹੈ। ਇਹ ਇੱਕ ਜ਼ੂਨੋਟਿਕ ਬਿਮਾਰੀ ਹੈ (ਇੱਕ ਬਿਮਾਰੀ ਜੋ ਜਾਨਵਰਾਂ ਤੋਂ ਲੋਕਾਂ ਵਿੱਚ ਸੰਚਾਰਿਤ ਹੁੰਦੀ ਹੈ), ਜੋ ਕਿ ਥਣਧਾਰੀ ਜੀਵਾਂ ਲਈ ਘੱਟ ਅਨੁਕੂਲ ਹੈ। ਹਾਲਾਂਕਿ, ਥਣਧਾਰੀ ਜੀਵਾਂ ਦੀਆਂ ਲਾਗਾਂ ਵਧ ਰਹੀਆਂ ਹਨ ਅਤੇ ਥਣਧਾਰੀ ਜੀਵਾਂ ਤੋਂ ਥਣਧਾਰੀ ਜੀਵਾਂ ਵਿੱਚ ਸੰਚਾਰ ਹੋਇਆ ਹੈ।2003 ਅਤੇ ਦਸੰਬਰ 2025 ਦੇ ਵਿਚਕਾਰ, ਵਿਸ਼ਵ ਸਿਹਤ ਸੰਗਠਨ ਨੇ ਵਿਸ਼ਵ ਪੱਧਰ 'ਤੇ ਐਚ5ਐਨ1 ਏਵੀਅਨ ਇਨਫਲੂਐਂਜ਼ਾ ਦੇ 993 ਪੁਸ਼ਟੀ ਕੀਤੇ ਮਨੁੱਖੀ ਮਾਮਲਿਆਂ ਵਿੱਚੋਂ 477 ਮੌਤਾਂ ਦੀ ਰਿਪੋਰਟ ਕੀਤੀ।

# ਸ਼੍ਰੋਮਣੀ ਅਕਾਲੀ ਦਲ ਪੇਪਰ ਲੀਕ ਰੋਕਣ ਵਾਲੇ ਬਿੱਲ ਦਾ ਸਵਾਗਤ ਕਰਦਾ ਹੈ- ਦਲਜੀਤ ਚੀਮਾ

**ਚੰਡੀਗੜ੍ਹ ਸਾਂਝੀ ਸੋਚ ਬਿਊਰੋ**

ਸ਼੍ਰੋਮਣੀ ਅਕਾਲੀ ਦਲ ਨੇ ਅੱਜ ਪ੍ਰਸਤਾਵਿਤ ਜਨਤਕ ਪ੍ਰੀਖਿਆਵਾਂ (ਅਨਉਚਿਤ ਸਾਧਨਾਂ ਦੀ ਮਨਾਹੀ) ਸੋਧ ਬਿੱਲ, 2026 ਦਾ ਸਵਾਗਤ ਕੀਤਾ ਹੈ, ਜਿਸ ਵਿੱਚ ਸੂਬਿਆਂ ਨੂੰ ਆਪਣੀਆਂ ਭਰਤੀਆਂ ਅਤੇ ਸੰਸਥਾਵਾਂ ਲਈ ਪ੍ਰੀਖਿਆਵਾਂ ਕਰਵਾਉਣ ਲਈ ਸ਼ਕਤੀ ਪ੍ਰਦਾਨ ਕਰਨ ਦੀ ਮੰਗ ਕੀਤੀ ਗਈ ਹੈ।ਇੱਥੇ ਇੱਕ ਪ੍ਰੈਸ ਬਿਆਨ ਜਾਰੀ ਕਰਦਿਆਂ, ਸੀਨੀਅਰ ਅਕਾਲੀ ਦਲ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਪੇਪਰ ਲੀਕ ਵਿੱਚ ਸ਼ਾਮਲ ਲੋਕਾਂ ਨੂੰ ਸਜ਼ਾ ਦੇਣ ਦੀ ਸਖ਼ਤ ਲੋੜ ਹੈ, ਪਰ ਇਹ ਵੀ ਕਿਹਾ ਕਿ ਸਿਰਫ਼ ਸਜ਼ਾ ਹੀ ਜਨਤਕ ਪ੍ਰੀਖਿਆਵਾਂ ਦੀ ਨਿਰਪੱਖਤਾ ਦੀ ਗਰੰਟੀ ਨਹੀਂ ਦੇ ਸਕਦੀ।ਡਾ. ਚੀਮਾ ਨੇ ਕਿਹਾ ਕਿ ਸਹਿਕਾਰੀ ਸੰਘਵਾਦ ਦੀ ਅਸਲ ਭਾਵਨਾ ਵਿੱਚ, ਕੇਂਦਰ ਸਰਕਾਰ ਨੂੰ ਰਾਜਾਂ ਨੂੰ ਆਪਣੀਆਂ ਭਰਤੀਆਂ ਅਤੇ ਸੰਸਥਾਵਾਂ ਲਈ ਪ੍ਰੀਖਿਆਵਾਂ ਕਰਵਾਉਣ ਲਈ ਸ਼ਕਤੀ ਪ੍ਰਦਾਨ ਕਰਦੇ ਹੋਏ ਇਕਸਾਰ ਰਾਸ਼ਟਰੀ ਸੁਰੱਖਿਆ ਮਾਪਦੰਡ ਸਥਾਪਤ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ, "ਵਿਕੇਂਦਰੀਕਰਨ, ਮਜ਼ਬੂਤ ਰਾਸ਼ਟਰੀ ਸ਼ੌਫਸ ਦੇ ਨਾਲ ਮਿਲ ਕੇ, ਪ੍ਰਣਾਲੀਗਤ ਜੋਖਮਾਂ ਨੂੰ ਘਟਾਏਗਾ, ਜਵਾਬਦੇਹੀ ਵਿੱਚ ਸੁਧਾਰ ਕਰੇਗਾ, ਜਨਤਕ ਵਿਸ਼ਵਾਸ ਨੂੰ ਮਜ਼ਬੂਤ ਕਰੇਗਾ, ਅਤੇ ਲੱਖਾਂ ਇਮਾਨਦਾਰ ਵਿਦਿਆਰਥੀਆਂ ਦੀਆਂ ਇੱਛਾਵਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਏਗਾ।"ਸੀਨੀਅਰ ਅਕਾਲੀ ਆਗੂ ਨੇ ਕਿਹਾ ਕਿ ਇਸ ਦੌਰਾਨ, ਕਾਨੂੰਨ ਨੂੰ ਰੋਕਥਾਮ ਉਪਾਵਾਂ ਮਜ਼ਬੂਤ ਸ਼ੌਫਸ, ਸੁਰੱਖਿਅਤ ਤਕਨਾਲੋਜੀ, ਅੰਤ ਤੋਂ ਅੰਤ ਤੱਕ ਜਵਾਬਦੇਹੀ, ਨਿਯਮਤ ਸੁਰੱਖਿਆ ਆਡਿਟ, ਅਤੇ ਫੂਲਪਰੂਫ ਪ੍ਰੀਖਿਆ ਪ੍ਰੋਟੋਕੋਲ 'ਤੇ ਬਰਾਬਰ ਜ਼ੋਰ ਦੇਣਾ ਚਾਹੀਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਡੇਟਾ ਲੀਕ ਨਾ ਹੋਵੇ। ਉਨ੍ਹਾਂ ਅੱਗੇ ਕਿਹਾ, "ਭਾਰਤ ਦਾ ਵਿਸ਼ਾਲ ਭੂਗੋਲ, ਭਾਸ਼ਾਈ ਵਿਭਿੰਨਤਾ, ਵੱਖੋ-ਵੱਖਰੇ ਬੁਨਿਆਦੀ ਢਾਂਚੇ ਅਤੇ ਤਕਨਾਲੋਜੀ ਦੇ ਪੱਧਰ, ਅਤੇ ਹਜ਼ਾਰਾਂ ਪ੍ਰੀਖਿਆ ਕੇਂਦਰਾਂ ਨੂੰ ਗੁਪਤ ਪ੍ਰਸ਼ਨ ਪੱਤਰ ਪਹੁੰਚਾਉਣ ਦੀ ਵੱਡੀ ਲੌਜਿਸਟਿਕ ਚੁਣੌਤੀ, ਇਹ ਸਭ ਬਹੁਤ ਜ਼ਿਆਦਾ ਕੇਂਦਰੀਕ੍ਰਿਤ ਪ੍ਰੀਖਿਆਵਾਂ ਨੂੰ ਸੁਭਾਵਿਕ ਤੌਰ 'ਤੇ ਅਸੁਰੱਖਿਅਤ ਬਣਾਉਂਦੀਆਂ ਹਨ।"




Punjabi Cultural Society of Tracy
19th Annual Tracy Teeyan
Sunday, August 2, 2026
Time 10:00Am to 06:00Pm
I.P.F.E.S. Portuguese Hall of Tracy,
400 W 9th St. Tracy, CA
With Punjabi famous singer
KULWINDER BILLA
ਇਲਾਕੇ ਦੀਆਂ ਸਮੂਹ ਪੰਜਾਬੀ ਮੁਟਿਆਰਾਂ ਵੱਲੋਂ
ਗਿੱਧਾ, ਭੰਗੜਾ, ਬੋਲੀਆਂ ਪਾ ਪੇਸ਼ ਕੀਤੀਆਂ ਜਾਣਗੀਆਂ
ਵੱਖ-ਵੱਖ ਸੱਭਿਆਚਾਰਕ ਵੰਨਗੀਆ ਤੇ ਦਿਲ ਖਿੱਚਵੇਂ ਰੰਗਾਂ -ਰੰਗ ਪ੍ਰੋਗਰਾਮ।
ਲੱਗਣਗੇ ਹਾਰ- ਸ਼ਿੰਗਾਰ ਤੇ ਵੱਖੋ-ਵੱਖਰੇ ਖਾਣ ਪੀਣ ਦੇ ਸਟਾਲ !
TICKET
$10 TICKET
Kids under 5 free
Doors will close at 2 pm
Hosted by
Asha Sharma
FOR SPONSORSHIP AND PARTICIPATION
PLEASE CONTACT
Tajinder Muhar (209) 640-9521
Rani Kahlon
(ਸਟਾਲ ਸਾਰੇ ਬੁੱਕ ਹੋ ਚੁੱਕੇ ਨੇ) ਸਟੇਜ ਪਰਫਾਰਮੈਂਸ ਕਰਨ ਲਈ ਸੰਪਰਕ ਕਰੋ
ਵਧੇਰੇ ਜਾਣਕਾਰੀ ਲਈ ਕਾਲ ਕਰੋ : Tajinder Muhar (209) 640-9521

# ਗੁਰਦੁਆਰਾ ਸਾਹਿਬ ਵੈਸਟ ਸੈਕਰਾਮੈਂਟੋ 'ਚ ਸਰੋਵਰ ਚਾਲੂ ਕੀਤਾ ਗਿਆ






















ONLY WAY TO GROW YOUR BUSINESS FASTER

# BNG

(Business Network Gateway)

We work for you to

## Boost Your Business

**VIDEO** ADVERTISEMENTS

We make professional video advertisements for your business in Punjabi, Hindi & English



**POSTERS DESIGN**

We design flyers, Posters and Post Cards to promote your business




**BUSINESS CARD DESIGN**

WE DESIGN YOUR BUSINESS CARD



**SOCIAL MEDIA HANDLERS**

We can manage your Business social media handlers Facebook, instagram & YouTube



**24/7 TECH SUPPORT**

We provide 24/7 tech support



For more information call

Boota Singh Basi +1 (209) 303-1260

# ਆਸਟਰੇਲੀਆ ਗੁਰੂਘਰ ਅਗਨੀਕਾਂਡ 'ਤੇ ਕੁਲਦੀਪ ਸਿੰਘ ਗੜਗੱਜ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ: ਉੱਚ ਪੱਧਰੀ ਰਿਪੋਰਟ ਤਲਬ

ਅੰਮ੍ਰਿਤਸਰ
ਸਾਂਝੀ ਸੋਚ ਬਿਊਰੋ

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਆਸਟਰੇਲੀਆ ਦੇ ਵਰਜੀਨੀਆ ਵਿਖੇ ਗੁਰਦੁਆਰਾ ਦਸ਼ਮੇਸ਼ ਦਰਬਾਰ ਦੀ ਇਮਾਰਤ ਅੱਗ ਕਾਰਨ ਨੁਕਸਾਨੇ ਜਾਣ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਹਨਾਂ ਨੇ ਇਸ ਘਟਨਾ ਦੀ ਮੁਕੰਮਲ ਰਿਪੋਰਟ ਭੇਜਣ ਦੇ ਆਦੇਸ਼ ਦਿੱਤੇ ਹਨ।

ਵਰਜੀਨੀਆ ਵਿੱਚ ਵਾਪਰੀ ਘਟਨਾ ਦੇ ਸਬੰਧ ਵਿੱਚ ਜਥੇਦਾਰ ਗਿਆਨੀ ਗੜਗੱਜ ਨੇ ਸੈਂਟਰਲ ਸਿੱਖ ਐਸੋਸੀਏਸ਼ਨ ਆਫ਼ ਨਿਊਜ਼ੀਲੈਂਡ ਦੇ ਮੁੱਖ ਸੇਵਾਦਾਰ ਦਲਜੀਤ ਸਿੰਘ, ਆਸਟਰੇਲੀਅਨ ਸਿੱਖ ਕੌਂਸਲ ਤੋਂ ਮਨਦੀਪ ਸਿੰਘ, ਗੁਰਦੁਆਰਾ ਕੌਂਸਲ ਆਫ਼ ਵਿਕਟੋਰੀਆ ਤੋਂ ਰਵੀ ਇੰਦਰ ਸਿੰਘ ਤੇ ਪ੍ਰੀਤਮ ਸਿੰਘ ਅਤੇ ਐਡੀਲੇਡ ਤੋਂ ਗੁਰਿੰਦਰਜੀਤ ਸਿੰਘ ਨੂੰ ਆਦੇਸ਼ ਕੀਤਾ ਹੈ ਕਿ ਉਹ ਆਪਣੇ ਨਾਲ ਸਿੰਘ ਲੈ ਕੇ ਮੌਕੇ ਉੱਤੇ ਜਾ ਕੇ ਜਾਇਜ਼ਾ ਲੈਣਗੇ।

ਇਸ ਘਟਨਾ ਅਤੇ ਗੁਰੂ ਘਰ ਵਿੱਚ ਮੌਜੂਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪਾਵਨ ਬੀੜਾਂ ਸਬੰਧੀ ਸਮੁੱਚੀ ਰਿਪੋਰਟ



ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸੌਂਪਣਗੇ। ਉਨ੍ਹਾਂ ਕਿਹਾ ਕਿ ਇਹ ਟੀਮ ਆਸਟ੍ਰੇਲੀਆ ਦੇ ਸਥਾਨਕ ਪ੍ਰਸ਼ਾਸਨ ਅਤੇ ਗੁਰਦੁਆਰਾ ਦਸ਼ਮੇਸ਼ ਦਰਬਾਰ ਦੇ ਪ੍ਰਬੰਧਕਾਂ ਨਾਲ ਤਾਲਮੇਲ ਕਰਕੇ ਘਟਨਾ ਦੀ ਸਮੁੱਚੀ ਜਾਣਕਾਰੀ ਹਾਸਲ ਕਰੇਗੀ।

ਉਨ੍ਹਾਂ ਗੁਰਦੁਆਰਾ ਦਸ਼ਮੇਸ਼ ਦਰਬਾਰ ਵਰਜੀਨੀਆ ਦੀ ਪ੍ਰਬੰਧਕ ਕਮੇਟੀ ਨੂੰ ਵੀ ਆਦੇਸ਼ ਕੀਤਾ ਕਿ ਉਹ ਆਪ ਵੀ ਇਸ ਘਟਨਾ ਦੀ ਸਮੁੱਚੀ ਜਾਣਕਾਰੀ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਭੇਜਣ। ਮਿਲੀ ਜਾਣਕਾਰੀ ਅਨੁਸਾਰ ਐਤਵਾਰ ਰਾਤ ਵਾਪਰੀ ਇਸ ਦੁਖਦਾਈ ਘਟਨਾ 'ਚ ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ ਦੀ ਇਮਾਰਤ ਭਿਆਨਕ ਅੱਗ ਲੱਗਣ ਕਾਰਨ ਪੂਰੀ ਤਰ੍ਹਾਂ ਨੁਕਸਾਨੀ ਗਈ ਹੈ। ਇਸ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਨੂੰ ਵੀ ਨੁਕਸਾਨ ਹੋਣ ਦਾ ਖ਼ਦਸ਼ਾ ਹੈ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਦੁਨੀਆ ਵਿੱਚ ਵੱਸਦੀ ਸਿੱਖ ਸੰਗਤ ਨੂੰ ਪੂਰੀ ਤਰ੍ਹਾਂ ਸੁਚੇਤ ਰਹਿਣ ਅਤੇ ਗੁਰੂ ਘਰਾਂ ਅੰਦਰ ਅਜਿਹੀਆਂ ਘਟਨਾਵਾਂ ਨਾ ਵਾਪਰਨ ਅਤੇ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਕਰਨ ਲਈ ਆਦੇਸ਼ ਦਿੱਤਾ।

# ਨੇਪਾਲ ਵਿੱਚ ਭਾਰਤ ਦੁਆਰਾ ਫੰਡ ਪ੍ਰਾਪਤ ਨਵੀਂ ਕਾਲਜ ਇਮਾਰਤ ਦਾ ਉਦਘਾਟਨ

ਕਾਠਮੰਡੂ
ਸਾਂਝੀ ਸੋਚ ਬਿਊਰੋ

ਕਾਠਮੰਡੂ ਵਿੱਚ ਭਾਰਤੀ ਦੂਤਾਵਾਸ ਨੇ ਐਤਵਾਰ ਨੂੰ ਕਿਹਾ ਕਿ ਭਾਰਤ ਸਰਕਾਰ ਦੁਆਰਾ ਫੰਡ ਪ੍ਰਾਪਤ ਇੱਕ ਯੋਜਨਾ ਦੇ ਤਹਿਤ ਸ਼ਨੀਵਾਰ ਨੂੰ ਨੇਪਾਲ ਦੇ ਪੱਛਮੀ ਸੁਦੂਰਪਸ਼ਿਮ ਪ੍ਰਾਂਤ ਦੇ ਦੋ ਜ਼ਿਲ੍ਹਿਆਂ ਵਿੱਚ ਇੱਕ ਨਵੀਂ ਕਾਲਜ ਇਮਾਰਤ ਦਾ ਉਦਘਾਟਨ ਕੀਤਾ ਗਿਆ ਅਤੇ ਇੱਕ ਸਕੂਲ ਇਮਾਰਤ ਦਾ ਨੀਂਹ ਪੱਥਰ ਰੱਖਿਆ ਗਿਆ।

ਭਾਰਤ ਸਰਕਾਰ ਦੀ ਵਿੱਤੀ ਸਹਾਇਤਾ ਨਾਲ ਬਣੀ ਦੋਟੀ ਜ਼ਿਲ੍ਹੇ ਦੀ ਬਦੀਕੇਦਾਰ ਪੇਂਡੂ ਨਗਰਪਾਲਿਕਾ ਵਿੱਚ ਕੇਦਾਰ ਸੂਰਿਆ ਮਲਟੀਪਲ ਕੈਂਪਸ ਦੀ ਇਮਾਰਤ ਦਾ ਉਦਘਾਟਨ ਕਾਠਮੰਡੂ ਵਿੱਚ ਭਾਰਤੀ ਦੂਤਾਵਾਸ ਦੇ ਪਹਿਲੇ ਸਕੱਤਰ ਬਾਸਿਸਟ ਨੰਦਨ ਅਤੇ ਬਦੀਕੇਦਾਰ ਪੇਂਡੂ ਨਗਰਪਾਲਿਕਾ ਦੇ ਚੇਅਰਪਰਸਨ ਭੈਰਵ ਬਹਾਦੁਰ ਸੌਦ ਨੇ ਸਾਂਝੇ ਤੌਰ 'ਤੇ ਕੀਤਾ।

ਕੈਂਪਸ, ਜਿਸਨੂੰ ਪਹਿਲਾਂ ਕੇਦਾਰ ਜਯੋਤੀਪੁੰਜ ਮਲਟੀਪਲ ਕੈਂਪਸ ਵਜੋਂ ਜਾਣਿਆ ਜਾਂਦਾ ਸੀ, ਦਾ ਉਦਘਾਟਨ ਤੋਂ ਪਹਿਲਾਂ ਨਾਮ ਬਦਲ ਕੇ ਕੇਦਾਰ ਸੂਰਿਆ ਮਲਟੀਪਲ ਕੈਂਪਸ ਰੱਖਿਆ ਗਿਆ ਸੀ। ਦੋ ਮੰਜ਼ਿਲਾ ਕੈਂਪਸ ਇਮਾਰਤ, ਜਿਸ ਵਿੱਚ ਹਰੇਕ ਮੰਜ਼ਿਲ 'ਤੇ ਸੱਤ ਕਮਰੇ ਅਤੇ ਸਹਾਇਕ ਸਹੂਲਤਾਂ ਹਨ, ਭਾਰਤ ਸਰਕਾਰ ਦੇ ਹਾਈ ਇਮਪੈਕਟ ਕਮਿਊਨਿਟੀ ਡਿਵੈਲਪਮੈਂਟ ਪ੍ਰੋਜੈਕਟ ਪ੍ਰੋਗਰਾਮ ਦੇ ਤਹਿਤ ਬਣਾਈ ਗਈ ਸੀ। ਇਹ ਪ੍ਰੋਜੈਕਟ ਬਦੀਕੇਦਾਰ ਪੇਂਡੂ ਨਗਰਪਾਲਿਕਾ ਦੁਆਰਾ ਲਾਗੂ ਕੀਤਾ ਗਿਆ ਸੀ। ਤ੍ਰਿਭੁਵਨ ਯੂਨੀਵਰਸਿਟੀ ਨਾਲ ਸੰਬੰਧਿਤ, ਕੇਦਾਰ ਸੂਰਿਆ ਮਲਟੀਪਲ ਕੈਂਪਸ ਬੈਚਲਰ ਆਫ਼ ਐਜੂਕੇਸ਼ਨ (ਬੀ.ਐੱਡ.) ਅਤੇ ਬੈਚਲਰ ਆਫ਼ ਬਿਜ਼ਨਸ ਸਟੱਡੀਜ਼ (ਬੀਬੀਐਸ) ਪ੍ਰੋਗਰਾਮ ਪੇਸ਼ ਕਰਦਾ ਹੈ।

ਦੂਤਾਵਾਸ ਦੇ ਅਨੁਸਾਰ, ਪੇਂਡੂ ਨਗਰਪਾਲਿਕਾ ਦੇ ਚੇਅਰਪਰਸਨ ਸਾਊਦ, ਕੈਂਪਸ ਪ੍ਰਬੰਧਨ ਅਤੇ ਹੋਰ ਹਿੱਸੇਦਾਰਾਂ ਨੇ ਭਾਰਤ ਸਰਕਾਰ ਦੁਆਰਾ ਪ੍ਰਦਾਨ ਕੀਤੇ ਗਏ ਵਿਕਾਸ ਸਹਾਇਤਾ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਨਵਾਂ ਬੁਨਿਆਦੀ ਢਾਂਚਾ ਖੇਤਰ ਵਿੱਚ ਵਿਦਿਅਕ ਸਹੂਲਤਾਂ ਨੂੰ ਮਜ਼ਬੂਤ ਕਰਨ ਵਿੱਚ ਮਦਦ




ਕਰੇਗਾ। ਇਸ ਦੌਰਾਨ, ਕੰਚਨਪੁਰ ਜ਼ਿਲ੍ਹੇ ਦੇ ਭੀਮਦੱਤ ਨਗਰਪਾਲਿਕਾ ਵਿੱਚ ਸ਼੍ਰੀ ਮਹੇਸ਼ਵਰ ਸੈਕੰਡਰੀ ਸਕੂਲ ਵਿੱਚ ਇੱਕ ਨਵੀਂ ਇਮਾਰਤ ਦਾ ਨੀਂਹ ਪੱਥਰ ਸ਼ਨੀਵਾਰ ਨੂੰ ਰੱਖਿਆ ਗਿਆ। ਦੂਤਾਵਾਸ ਦੇ ਅਨੁਸਾਰ, ਪਹਿਲੇ ਸਕੱਤਰ ਨੰਦਨ ਅਤੇ ਭੀਮਦੱਤ ਨਗਰਪਾਲਿਕਾ ਦੇ ਡਿਪਟੀ ਚੀਫ਼ ਨੀਲਮ ਲੇਖਕ ਜੋਸ਼ੀ ਦੁਆਰਾ ਸਾਂਝੇ ਤੌਰ 'ਤੇ ਨੀਂਹ ਪੱਥਰ ਰੱਖਿਆ ਗਿਆ। ਸਕੂਲ ਦੀ ਇਮਾਰਤ ਐਚਆਈਸੀਡੀਪੀ ਪ੍ਰੋਗਰਾਮ ਦੇ ਤਹਿਤ ਭਾਰਤ ਸਰਕਾਰ ਤੋਂ ਲਗਭਗ ਐਨਪੀਆਰ 19 ਮਿਲੀਅਨ ਦੀ ਵਿੱਤੀ ਸਹਾਇਤਾ ਨਾਲ ਬਣਾਈ ਜਾਵੇਗੀ। ਇਹ ਪ੍ਰੋਜੈਕਟ ਭੀਮਦੱਤ ਨਗਰਪਾਲਿਕਾ ਦੁਆਰਾ ਲਾਗੂ ਕੀਤਾ ਜਾਵੇਗਾ। ਭਾਰਤੀ ਦੂਤਾਵਾਸ ਦੇ ਅਨੁਸਾਰ, ਇਹ ਕੰਚਨਪੁਰ ਜ਼ਿਲ੍ਹੇ ਵਿੱਚ ਕੀਤਾ ਜਾ ਰਿਹਾ 11ਵਾਂ ਉੱਚ ਪ੍ਰਭਾਵ ਵਾਲਾ ਭਾਈਚਾਰਕ ਵਿਕਾਸ ਪ੍ਰੋਜੈਕਟ ਹੈ। ਨੀਂਹ ਪੱਥਰ ਸਮਾਗਮ ਵਿੱਚ ਬੋਲਦਿਆਂ, ਨਗਰਪਾਲਿਕਾ ਦੇ ਡਿਪਟੀ ਚੀਫ਼ ਜੋਸ਼ੀ ਅਤੇ ਹੋਰ ਸਥਾਨਕ ਹਿੱਸੇਦਾਰਾਂ ਨੇ ਭਾਰਤ ਦੀ ਵਿਕਾਸ ਸਹਾਇਤਾ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਨਵਾਂ ਬੁਨਿਆਦੀ ਢਾਂਚਾ ਨਗਰਪਾਲਿਕਾ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਸਿੱਖਣ ਦੇ ਮਾਹੌਲ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰੇਗਾ। ਐਚਆਈਸੀਡੀਪੀ ਪ੍ਰੋਗਰਾਮ ਨੇਪਾਲ-ਭਾਰਤ ਵਿਕਾਸ ਸਹਿਯੋਗ ਦੇ ਮੁੱਖ ਹਿੱਸਿਆਂ ਵਿੱਚੋਂ ਇੱਕ ਹੈ, ਜੋ ਕਿ ਨੇਪਾਲ ਭਰ ਵਿੱਚ ਸਿੱਖਿਆ, ਸਿਹਤ, ਭਾਈਚਾਰਕ ਬੁਨਿਆਦੀ ਢਾਂਚੇ ਅਤੇ ਸਮਰੱਥਾ ਨਿਰਮਾਣ ਵਰਗੇ ਖੇਤਰਾਂ ਵਿੱਚ ਪ੍ਰੋਜੈਕਟਾਂ ਦਾ ਸਮਰਥਨ ਕਰਦਾ ਹੈ।

2003 ਵਿੱਚ ਸ਼ੁਰੂ ਕੀਤਾ ਗਿਆ, ਐਚਆਈਸੀਡੀਪੀਐਸ ਨੂੰ ਪਹਿਲਾਂ ਛੋਟੇ ਵਿਕਾਸ ਪ੍ਰੋਜੈਕਟਾਂ ਵਜੋਂ ਜਾਣਿਆ ਜਾਂਦਾ ਸੀ। ਇਹ ਪਹਿਲ ਸਥਾਨਕ ਅਧਿਕਾਰੀਆਂ ਰਾਹੀਂ ਛੋਟੇ ਪੱਧਰ ਦੇ ਬੁਨਿਆਦੀ ਢਾਂਚੇ ਅਤੇ ਭਾਈਚਾਰਕ-ਅਧਾਰਤ ਪ੍ਰੋਜੈਕਟਾਂ ਦਾ ਸਮਰਥਨ ਕਰਦੀ ਹੈ, ਜੋ ਕਿ ਨੇਪਾਲ ਸਰਕਾਰ ਦੁਆਰਾ ਪਛਾਣੇ ਗਏ ਤਰਜੀਹੀ ਖੇਤਰਾਂ 'ਤੇ ਕੇਂਦ੍ਰਤ ਕਰਦੀ ਹੈ, ਜਿਸ ਵਿੱਚ ਸਿਹਤ, ਸਿੱਖਿਆ, ਪੀਣ ਵਾਲਾ ਪਾਣੀ, ਸੈਨੀਟੇਸ਼ਨ ਅਤੇ ਡਰੇਨੇਜ, ਪੇਂਡੂ ਬਿਜਲੀਕਰਨ, ਪਣ-ਬਿਜਲੀ ਅਤੇ ਨਦੀ ਸਿਖਲਾਈ ਸ਼ਾਮਲ ਹਨ।

ਦੂਤਾਵਾਸ ਦੇ ਅਨੁਸਾਰ ਐਚਆਈਸਸੀਡੀਪੀ ਪ੍ਰੋਗਰਾਮ ਦੀ ਸ਼ੁਰੂਆਤ ਤੋਂ ਲੈ ਕੇ, ਭਾਰਤ ਸਰਕਾਰ ਦੁਆਰਾ ਨੇਪਾਲ ਦੇ ਸਾਰੇ ਸੱਤ ਪ੍ਰਾਂਤਾਂ ਅਤੇ 74 ਜ਼ਿਲ੍ਹਿਆਂ ਵਿੱਚ ਲਗਭਗ 600 ਪ੍ਰੋਜੈਕਟ ਸ਼ੁਰੂ ਕੀਤੇ ਗਏ ਹਨ। "ਇਸ ਤੋਂ ਇਲਾਵਾ, ਭਾਰਤ ਸਰਕਾਰ ਨੇ ਸੁਦੂਰਪਸ਼ਿਮ ਸੂਬੇ ਦੇ ਸਿਹਤ ਅਤੇ ਸਿੱਖਿਆ ਖੇਤਰਾਂ ਵਿੱਚ ਕੰਮ ਕਰਨ ਵਾਲੀਆਂ ਸੰਸਥਾਵਾਂ ਨੂੰ 78 ਐਂਬੂਲੈਂਸਾਂ ਅਤੇ 40 ਸਕੂਲ ਬੱਸਾਂ ਤੋਹਫ਼ੇ ਵਜੋਂ ਦਿੱਤੀਆਂ ਹਨ, ਜਿਨ੍ਹਾਂ ਵਿੱਚ ਡੋਟੀ ਜ਼ਿਲ੍ਹੇ ਵਿੱਚ ਨੌਂ ਐਂਬੂਲੈਂਸਾਂ ਅਤੇ ਤਿੰਨ ਸਕੂਲ ਬੱਸਾਂ ਸ਼ਾਮਲ ਹਨ," ਦੂਤਾਵਾਸ ਨੇ ਇੱਕ ਬਿਆਨ ਵਿੱਚ ਕਿਹਾ। ਦੂਤਾਵਾਸ ਨੇ ਕਿਹਾ ਕਿ ਐਚਆਈਸੀਡੀਪੀ ਪ੍ਰੋਗਰਾਮ ਭਾਰਤ ਅਤੇ ਨੇਪਾਲ ਵਿਚਕਾਰ ਨਿਰੰਤਰ ਵਿਕਾਸ ਭਾਈਵਾਲੀ ਨੂੰ ਦਰਸਾਉਂਦਾ ਹੈ ਅਤੇ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣ ਅਤੇ ਤਰਜੀਹੀ ਖੇਤਰਾਂ ਵਿੱਚ ਸਮਾਜਿਕ-ਆਰਥਿਕ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਨੇਪਾਲ ਦੇ ਯਤਨਾਂ ਦਾ ਸਮਰਥਨ ਕਰਦਾ ਹੈ।

# ਮੋਦੀ ਨਾਲ ਕੇਵਲ ਢਿੱਲੋਂ ਵੱਲੋਂ ਵਿਸ਼ੇਸ਼ ਮੁਲਾਕਾਤ: ਪੰਜਾਬ ਦੇ ਕਈ ਅਹਿਮ ਮੁੱਦਿਆਂ 'ਤੇ ਹੋਈ ਚਰਚਾ

## ਪੰਜਾਬ ਨੂੰ ਦੁਬਾਰਾ ਤਰੱਕੀ ਦੇ ਰਾਹ 'ਤੇ ਲਿਆਉਣ ਲਈ "ਡਬਲ ਇੰਜਣ ਸਰਕਾਰ" ਦੀ ਲੋੜ- ਕੇਵਲ ਢਿੱਲੋਂ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ

ਭਾਰਤੀ ਜਨਤਾ ਪਾਰਟੀ ਪੰਜਾਬ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕਰਕੇ ਪੰਜਾਬ ਨਾਲ ਜੁੜੇ ਕਈ ਅਹਿਮ ਮੁੱਦਿਆਂ 'ਤੇ ਵਿਸਥਾਰ ਨਾਲ ਚਰਚਾ ਕੀਤੀ। ਮੁਲਾਕਾਤ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਢਿੱਲੋਂ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਨਾਲ ਪੰਜਾਬ ਦੀ ਮੌਜੂਦਾ ਸਥਿਤੀ, ਕਿਸਾਨਾਂ ਦੀਆਂ ਸਮੱਸਿਆਵਾਂ, ਗੈਂਗਸਟਰਵਾਦ, ਨਸ਼ਾਖੋਰੀ ਅਤੇ ਸੂਬੇ ਦੇ ਸਮੁੱਚੇ ਵਿਕਾਸ ਸਬੰਧੀ ਖੁੱਲ੍ਹ ਕੇ ਵਿਚਾਰ-ਵਟਾਂਦਰਾ ਹੋਇਆ।

ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੰਜਾਬ ਨੂੰ ਮੁੜ "ਰੰਗਲਾ ਪੰਜਾਬ" ਬਣਾਉਣ ਲਈ ਵਚਨਬੱਧ ਹਨ। ਉਨ੍ਹਾਂ ਦਾ ਕਹਿਣਾ ਸੀ ਕਿ ਇੱਕ ਸਮਾਂ ਸੀ ਜਦੋਂ ਪੰਜਾਬ ਦੇਸ਼ ਦੇ ਅਗੇਤੀ ਸੂਬਿਆਂ ਵਿੱਚ ਗਿਣਿਆ ਜਾਂਦਾ ਸੀ, ਪਰ ਅੱਜ ਵਿਕਾਸ ਦੇ ਮਾਮਲੇ ਵਿੱਚ ਕਾਫ਼ੀ ਪਿੱਛੇ ਚਲਾ ਗਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਨੂੰ ਦੁਬਾਰਾ ਤਰੱਕੀ ਦੇ ਰਾਹ 'ਤੇ ਲਿਆਉਣ ਲਈ "ਡਬਲ ਇੰਜਣ ਸਰਕਾਰ" ਦੀ ਲੋੜ ਹੈ ਅਤੇ ਭਾਜਪਾ ਇਸ ਦਿਸ਼ਾ ਵਿੱਚ ਕੰਮ ਕਰੇਗੀ।

ਭਾਜਪਾ ਪ੍ਰਧਾਨ ਨੇ ਕਿਹਾ ਕਿ ਮੁਲਾਕਾਤ ਦੌਰਾਨ ਪੰਜਾਬ ਵਿੱਚ ਵੱਧ ਰਹੇ ਗੈਂਗਸਟਰਵਾਦ ਅਤੇ ਨਸ਼ੇ ਦੀ ਸਮੱਸਿਆ 'ਤੇ ਵੀ ਗੰਭੀਰ ਚਰਚਾ ਹੋਈ।

ਉਨ੍ਹਾਂ ਅਨੁਸਾਰ ਕੇਂਦਰ ਸਰਕਾਰ ਪੰਜਾਬ ਦੇ ਵਿਕਾਸ ਅਤੇ ਕਾਨੂੰਨ-ਵਿਵਸਥਾ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ। ਢਿੱਲੋਂ ਨੇ ਇਹ ਵੀ ਕਿਹਾ ਕਿ ਹਾਲ ਹੀ ਵਿੱਚ ਕੇਂਦਰੀ ਗ੍ਰਿਹ ਮੰਤਰੀ, ਪ੍ਰਧਾਨ ਮੰਤਰੀ ਅਤੇ ਕੇਂਦਰੀ ਮੰਤਰੀ ਨਿਤਿਨ ਨਬੀਨ ਪੰਜਾਬ ਆਏ ਸਨ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਪ੍ਰਧਾਨ ਮੰਤਰੀ ਪੰਜਾਬ ਦਾ ਦੌਰਾ ਕਰਨਗੇ। ਇਸ ਮੌਕੇ ਕੇਵਲ ਸਿੰਘ ਢਿੱਲੋਂ ਨੇ ਸੰਗਰੂਰ ਸਥਿਤ ਭਾਜਪਾ ਦਫ਼ਤਰ 'ਤੇ ਹੋਏ ਹਮਲੇ ਦੀ ਵੀ ਨਿੰਦਾ ਕੀਤੀ। ਉਨ੍ਹਾਂ ਨੇ ਦੋਸ਼ ਲਗਾਇਆ ਕਿ ਪੰਜਾਬ ਸਰਕਾਰ ਕਾਨੂੰਨ-ਵਿਵਸਥਾ ਬਣਾਈ ਰੱਖਣ ਵਿੱਚ ਅਸਫਲ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਪੇਪਰ ਲੀਕ ਵਰਗੀਆਂ ਘਟਨਾਵਾਂ ਨੇ ਨੌਜਵਾਨਾਂ ਦਾ ਭਵਿੱਖ ਪ੍ਰਭਾਵਿਤ ਕੀਤਾ



ਹੈ ਅਤੇ ਇਸ ਦੀ ਜ਼ਿੰਮੇਵਾਰੀ ਸਰਕਾਰ ਨੂੰ ਲੈਣੀ ਚਾਹੀਦੀ ਹੈ। ਢਿੱਲੋਂ ਨੇ ਇਹ ਵੀ ਦਾਅਵਾ ਕੀਤਾ ਕਿ ਪੰਜਾਬ ਦੀ ਸਰਕਾਰ ਦਿੱਲੀ ਤੋਂ ਚਲਾਈ ਜਾ ਰਹੀ ਹੈ, ਜਿਸ ਕਾਰਨ ਸੂਬੇ ਦੇ ਹਿੱਤ ਪ੍ਰਭਾਵਿਤ ਹੋ ਰਹੇ ਹਨ।


Punjabi Cultural Society of Tracy
19th Annual Tracy Teeyan
Sunday, August 2, 2026
Time 10:00Am to 06:00Pm
I.P.F.E.S. Portuguese Hall of Tracy,
400 W 9th St. Tracy, CA
With Punjabi famous singer
KULWINDER BILLA
ਇਲਾਕੇ ਦੀਆਂ ਸਮੂਹ ਪੰਜਾਬੀ ਮੁਟਿਆਰਾਂ ਵੱਲੋਂ
ਗਿੱਧਾ, ਭੰਗੜਾ, ਬੋਲੀਆਂ ਪਾ ਪੇਸ਼ ਕੀਤੀਆਂ ਜਾਣਗੀਆਂ
ਵੱਖ-ਵੱਖ ਸੱਭਿਆਚਾਰਕ ਵੰਨਗੀਆ ਤੇ ਦਿਲ ਖਿੱਚਵੇਂ ਰੰਗਾਂ -ਰੰਗ ਪ੍ਰੋਗਰਾਮ।
ਲੱਗਣਗੇ ਹਾਰ- ਸ਼ਿੰਗਾਰ ਤੇ ਵੱਖੋ-ਵੱਖਰੇ ਖਾਣ ਪੀਣ ਦੇ ਸਟਾਲ !
TICKET
$10 TICKET
Kids under 5 free
Doors will close at 2 pm
Hosted by
Asha Sharma
FOR SPONSORSHIP AND PARTICIPATION
PLEASE CONTACT
Tajinder Muhar (209) 640-9521
Rani Kahlon
(ਸਟਾਲ ਸਾਰੇ ਬੁੱਕ ਹੋ ਚੁੱਕੇ ਨੇ) ਸਟੇਜ ਪਰਫਾਰਮੈਂਸ ਕਰਨ ਲਈ ਸੰਪਰਕ ਕਰੋ
ਵਧੇਰੇ ਜਾਣਕਾਰੀ ਲਈ ਕਾਲ ਕਰੋ : Tajinder Muhar (209) 640-9521

# ਰੋਜ਼ੀ ਬਰਕੰਡੀ ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ 'ਚ ਕਰ ਰਿਹਾ ਲੋਕ ਮਿਲਣੀਆਂ

ਕੈਲੀਫੋਰਨੀਆ
ਸਾਂਝੀ ਸੋਚ ਬਿਊਰੋ

ਬੀਤੇ ਦਿਨੀਂ ਭਾਰਤ ਤੋਂ ਰੋਜ਼ੀ ਬਰਕੰਡੀ ਅਮਰੀਕਾ ਦੇ ਵਿਸ਼ੇਸ਼ ਦੌਰੇ ਤੇ ਆਏ ਹੋਏ ਸਨ।ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਲੋਕ ਮਿਲਣੀ ਪ੍ਰੋਗਰਾਮ ਰੱਖੇ ਗਏ। ਜਿਸ ਦੌਰਾਨ 4 ਅਗਸਤ ਤੱਕ ਰੋਜ਼ੀ ਬਰਕੰਡੀ ਵੱਖ-ਵੱਖ ਸ਼ਹਿਰਾਂ ਦਾ ਦੌਰਾ ਕਰਨਗੇ। ਉਹ ਇੰਡੀਆਨਾ, ਵਰਜੀਨੀਆ 'ਚ ਲੋਕ ਮਿਲਣੀਆਂ ਕਰ ਚੁਕੇ ਹਨ ਅਤੇ ਆਉਣ ਵਾਲੇ ਦਿਨਾਂ 'ਚ ਸਿਆਟਲ ਅਤੇ ਕੈਲੀਫੋਰਨੀਆ ਵਿਚ ਵੀ ਉਹ ਲੋਕ ਮਿਲਣੀਆਂ ਕਰਨਗੇ।ਉਹਨਾਂ ਨੇ ਇਥੇ ਪਰਵਾਸੀ ਪੰਜਾਬੀਆਂ ਨਾਲ ਇੱਕ ਵਿਸ਼ੇਸ਼ ਸਮਾਗਮ ਵਿੱਚ ਹਾਜ਼ਰੀ ਭਰੀ।ਇਸ ਮੌਕੇ ਐਨਆਰਆਈ ਸਾਥੀਆਂ ਨਾਲ ਪੰਥ, ਪੰਜਾਬ ਅਤੇ ਪੰਜਾਬੀਅਤ ਦੇ ਭਵਿੱਖ ਸਬੰਧੀ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ।

ਇਸ ਦੇ ਨਾਲ ਹੀ 2027 ਦੀਆਂ ਆਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਵੀ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਪੰਜਾਬ ਦੇ ਭਵਿੱਖ ਲਈ ਆਪਸੀ ਸਹਿਯੋਗ ਤੇ ਏਕਤਾ ਦੀ ਲੋੜ 'ਤੇ ਜ਼ੋਰ ਦਿੱਤਾ।

ਰੋਜ਼ੀ ਵਲੋਂ ਕੀਤੀਆਂ ਜਾ ਰਹੀਆਂ ਲੋਕ ਮਿਲਣੀਆਂ 'ਚ ਅਕਾਲੀ ਦਲ ਨੂੰ ਪਿਆਰ ਕਰਨ ਵਾਲੇ ਲੋਕ ਹੁੰਮਹਮਾ ਕੇ ਆ ਰਹੇ ਹਨ।ਇਸ ਮੌਕੇ ਮੋਨਾਰਕ ਦੀਪ ਸਿੰਘ (ਸੇਵਾਦਾਰ ਅਕਾਲੀ ਦਲ), ਭੀਮ ਵੜੈਚ (ਸੀਨੀਅਰ ਅਕਾਲੀ ਆਗੂ), ਨਛੱਤਰ ਗਿੱਲ (ਪ੍ਰਧਾਨ ਆਈਟੀ ਸੈੱਲ ਅਕਾਲੀ ਦਲ) ਸੋਨੀ ਧਾਲੀਵਾਲ (ਕਾਉਂਟੀ ਸੁਪਵਾਈਜ਼ਰ) ਅਰਸ਼ਦੀਪ ਧਾਲੀਵਾਲ (ਆਸਟਰੇਲੀਆ), ਰਸ਼ਪਾਲ ਸਿੰਘ ਤੇੜਾ, ਕੁਲਵੰਤ ਸਿੰਘ ਗਿੱਲ,ਰੋਮੀ ਭਿੰਡਰ,ਅਤੁੱਲ ਅਰੋੜਾ, ਮਿਲਾਨ ਚਾਵਲਾ, ਜੱਸ ਔਲਖ, ਸੁਖਦੇਵ ਸਿੰਘ ਸੀਪੀਏ, ਗੁਰਪਿਆਰ ਸਿੰਘ, ਮਹਿਤਾਬ ਸਿੰਘ, ਕੁਲਵੰਤ ਖੇੜਾ, ਰਵਿੰਦਰ ਬੋਇਲ, ਪਰਵਿੰਦਰ ਪਾਲ ਸਿੰਘ ਰਾਠੌਰ, ਗੁਰਤੇਜ ਸਿੰਘ ਮੁੰਡੀ, ਰਾਹੁਲ ਜੋਸ਼ੀ, ਰਜਿੰਦਰ ਔਲਖ, ਗੁਰਲਾਲ ਸਿੰਘ, ਸਹਿਜ ਸਿੰਘ, ਅੰਮ੍ਰਿਤਪਾਲ ਪਾਲ ਸਿੰਘ, ਸੁਰਿੰਦਰ ਸਿੰਘ, ਗੁਰਸ਼ਰਨ ਸਿੰਘ, ਮਨਦੀਪ ਅਠਵਾਲ, ਅਮਨ ਕੰਗ, ਸਰਤਾਜ ਸਿੰਘ, ਪਰਮਜੀਤ ਮੰਡ, ਮਾਨਵ ਦੀਪ ਸੋਹਲ, ਜੁਗਰਾਜ ਸਿੰਘ, ਸੰਨੀ, ਰਿਸ਼ੂ ਰੋਮਾਣਾ,ਆਲਮ ਔਲਖ, ਜਸ਼ਨ ਸਿੰਘ, ਗਗਨ ਸਿੰਘ ਫਲੀਟ ਸੇਫ਼ਟੀ,ਅਮਰਿੰਦਰ ਸਿੰਘ ਅਮਰਿੰਦਰ ਸਿੰਘ, ਮਨਿੰਦਰਜੀਤ ਸਿੰਘ, ਅਮਰਿੰਦਰ ਸਿੰਘ, ਸ਼ਹਿਨਾਜ਼ ਗਿੱਲ ਆਦਿ ਹਾਜਰ ਸਨ।










# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੋਮਿਓਪੈਥਿਕ ਕਨਸਲਟੈਂਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU** **SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday Friday in Punjabi.

## HOMEOPATHIC NATURAL MEDICINES

**When Tired of All Treatments,
For any Disease, at any Age
Try Alternative Treatment**

**Safe and Effective Medicines without any Side Effects**



**GURDIP S SANDHU**




**Consultant/Physician
Since 1973
DHMS-Gold Medalist,
BAMS, MDEH
Ex-Prof, Principal &
CMO Medical
Colleges/Hospitals in
India**

**(408) 687-1899 (925) 587-1148**

**Homeopathic Medicine and Notary Consultancy**

9701 SARA ANN CT DUBLIN, CA 94568

**PRACTICE UNDER PROVISION OF ACT SB_577 STATE OF CA**

# ਅਮਰੀਕਾ ਦੇ ਸੀਏਟਲ ਫੂਡ ਫੈਸਟੀਵਲ ਵਿੱਚ ਗੋਲੀਬਾਰੀ: 2 ਦੀ ਮੌਤ,ਕਈ ਜਖ਼ਮੀ

ਸੀਏਟਲ
ਸਾਂਝੀ ਸੋਚ ਬਿਊਰੋ



ਅਮਰੀਕਾ ਦੇ ਸੀਏਟਲ ਵਿੱਚ ਐਤਵਾਰ ਸ਼ਾਮ ਨੂੰ 'ਬਾਈਟ ਆਫ ਸੀਏਟਲ' ਫੂਡ ਫੈਸਟੀਵਲ ਦੌਰਾਨ ਹੋਈ ਗੋਲੀਬਾਰੀ ਦੀ ਘਟਨਾ ਵਿੱਚ ਦੋ ਲੋਕਾਂ ਦੀ ਮੌਤ ਹੋ ਗਈ ਅਤੇ ਪੰਜ ਹੋਰ ਜ਼ਖਮੀ ਹੋ ਗਏ। ਜ਼ਖਮੀਆਂ ਵਿੱਚ ਇੱਕ ਦੋ ਸਾਲ ਦਾ ਬੱਚਾ ਵੀ ਸ਼ਾਮਲ ਹੈ। ਪੁਲਿਸ ਨੇ ਇਲਾਕੇ ਨੂੰ ਘੇਰ ਲਿਆ ਹੈ ਅਤੇ ਮਾਮਲੇ ਦੀ ਜਾਂਚ ਕਰ ਰਹੀ ਹੈ, ਹੁਣ ਤੱਕ ਕਿਸੇ ਵੀ ਗ੍ਰਿਫ਼ਤਾਰੀ ਦੀ ਪੁਸ਼ਟੀ ਨਹੀਂ ਹੋਈ ਹੈ।ਗੋਲੀਬਾਰੀ ਸ਼ਾਮ 6 ਵਜੇ ਦੇ ਕਰੀਬ ਹੋਈ, ਜਦੋਂ ਤਿਉਹਾਰ ਖਤਮ ਹੋਣ ਵਾਲਾ ਸੀ। ਫਾਇਰ ਵਿਭਾਗ ਦੇ ਅਨੁਸਾਰ, ਜ਼ਖਮੀਆਂ ਨੂੰ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ। ਪੁਲਿਸ ਨੇ ਜਨਤਾ ਨੂੰ ਘਟਨਾ ਸਥਾਨ ਤੋਂ ਦੂਰ ਰਹਿਣ ਦੀ ਅਪੀਲ ਕੀਤੀ ਹੈ। ਗੋਲੀਬਾਰੀ ਦੀ ਘਟਨਾ ਨੇ ਫੂਡ ਫੈਸਟੀਵਲ ਵਿੱਚ ਆਉਣ ਵਾਲੇ ਦਰਸ਼ਕਾਂ ਵਿੱਚ ਦਹਿਸ਼ਤ ਫੈਲਾ ਦਿੱਤੀ। ਪੁਲਿਸ ਨੂੰ ਘਟਨਾ ਦੀ ਜਾਣਕਾਰੀ ਮਿਲਣ ਤੋਂ ਬਾਅਦ ਇੱਕ ਵੱਡੀ ਐਮਰਜੈਂਸੀ ਪ੍ਰਤੀਕਿਰਿਆ ਸ਼ੁਰੂ ਕੀਤੀ ਗਈ।ਪੁਲਿਸ ਨੇ ਇਹ ਨਹੀਂ ਦੱਸਿਆ ਕਿ ਕੀ ਕਿਸੇ ਸ਼ੱਕੀ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਪੁਲਿਸ ਨੇ ਗ੍ਰਿਫ਼ਤਾਰੀਆਂ ਜਾਂ ਸੰਭਾਵਿਤ ਉਦੇਸ਼ ਬਾਰੇ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਹੈ। ਜਾਂਚ ਜਾਰੀ ਹੈ, ਅਤੇ ਹੋਰ ਵੇਰਵਿਆਂ ਦੀ ਉਡੀਕ ਹੈ।

# ਦੇਸ਼ 'ਚ ਜਲਦ ਚੱਲਣਗੇ 10 ਅਤੇ 20 ਰੁਪਏ ਦੇ ਪਲਾਸਟਿਕ ਦੇ ਨੋਟ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ



ਦੇਸ਼ 'ਚ ਜਲਦ ਹੀ ਲੋਕਾਂ ਨੂੰ 10 ਅਤੇ 20 ਦੇ ਨਵੇਂ ਪੌਲੀਮਰ ਯਾਨੀ ਪਲਾਸਟਿਕ ਦੇ ਨੋਟ ਦੇਖਣ ਨੂੰ ਮਿਲ ਸਕਦੇ ਹਨ। ਰਿਜ਼ਰਵ ਬੈਂਕ 100-100 ਕਰੋੜ ਯਾਨੀ ਕੁੱਲ 200 ਕਰੋੜ ਪੌਲੀਮਰ ਯਾਨੀ ਪਲਾਸਟਿਕ ਦੇ ਬਣੇ ਨੋਟ ਛਾਪੇਗਾ। ਇਹ ਪਲਾਸਟਿਕ ਕਰੰਸੀ ਦਾ ਟ੍ਰਾਇਲ ਹੋਵੇਗਾ, ਜੇਕਰ ਇਹ ਸਫ਼ਲ ਹੁੰਦਾ ਹੈ ਤਾਂ ਅੱਗੇ ਹੋਰ ਨੋਟ ਵੀ ਛਾਪੇ ਜਾਣਗੇ।ਕੇਂਦਰ ਸਰਕਾਰ ਨੇ ਇਸ ਦੀ ਮਨਜ਼ੂਰੀ ਦੇ ਦਿੱਤੀ ਹੈ।ਵਿੱਤ ਰਾਜ ਮੰਤਰੀ ਪੰਕਜ ਚੌਧਰੀ ਨੇ ਸੋਮਵਾਰ ਨੂੰ ਸੰਸਦ ਵਿੱਚ ਦੱਸਿਆ ਕਿ ਜੇਕਰ ਫੀਲਡ ਟ੍ਰਾਇਲ ਸਫ਼ਲ ਰਹਿੰਦਾ ਹੈ, ਤਾਂ ਭਾਰਤੀ ਰਿਜ਼ਰਵ ਬੈਂਕ 10 ਅਤੇ 20 ਰੁਪਏ ਦੇ ਪੌਲੀਮਰ ਨੋਟ ਨਿਯਮਤ ਰੂਪ ਵਿੱਚ ਜਾਰੀ ਕਰੇਗਾ। ਲੋਕ ਸਭਾ ਵਿੱਚ ਇੱਕ ਸਵਾਲ ਦੇ ਲਿਖਤੀ ਜਵਾਬ ਵਿੱਚ ਪੰਕਜ ਚੌਧਰੀ ਨੇ ਕਿਹਾ ਕਿ ਆਰਬੀਆਈ ਦੇ ਕੇਂਦਰੀ ਡਾਇਰੈਕਟਰ ਬੋਰਡ ਦੀ ਸਿਫ਼ਾਰਸ਼ 'ਤੇ ਭਾਰਤੀ ਰਿਜ਼ਰਵ ਬੈਂਕ ਐਕਟ, 1934 ਦੀ ਧਾਰਾ 25 ਦੇ ਤਹਿਤ ਸਰਕਾਰ ਨੂੰ ਇੱਕ ਪ੍ਰਸਤਾਵ ਭੇਜਿਆ ਗਿਆ ਸੀ।ਇਸ ਪ੍ਰਸਤਾਵ ਵਿੱਚ 10 ਅਤੇ 20 ਦੇ 100-100 ਕਰੋੜ ਪੌਲੀਮਰ ਨੋਟ ਫੀਲਡ ਟ੍ਰਾਇਲ ਲਈ ਜਾਰੀ ਕਰਨ ਦੀ ਮਨਜ਼ੂਰੀ ਮੰਗੀ ਗਈ ਸੀ। ਨਾਲ ਹੀ ਇਹ ਵੀ ਪ੍ਰਸਤਾਵ ਰੱਖਿਆ ਗਿਆ ਸੀ ਕਿ ਜੇਕਰ ਫੀਲਡ ਟ੍ਰਾਇਲ ਸਫ਼ਲ ਰਹਿੰਦਾ ਹੈ, ਤਾਂ ਇਹਨਾਂ ਦੋਵਾਂ ਮੁੱਲਾਂ ਦੇ ਪੌਲੀਮਰ ਨੋਟਾਂ ਨੂੰ ਨਿਯਮਤ ਰੂਪ ਵਿੱਚ ਚਲਣ ਵਿੱਚ ਲਿਆਂਦਾ ਜਾਵੇ। ਪੰਕਜ ਚੌਧਰੀ ਨੇ ਦੱਸਿਆ ਕਿ ਸਰਕਾਰ ਨੇ ਭੀ ਦੇ ਇਸ ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੱਤੀ ਹੈ।

# ਸਫ਼ਾਈ ਕਰਮਚਾਰੀਆਂ ਦੀ ਹੜਤਾਲ ਖ਼ਤਮ

## ਬਰਨਾਲਾ ਲਾਠੀਚਾਰਜ ਦੇ ਮਾਮਲੇ 'ਚ ਐਸਆਈਟੀ ਦਾ ਗਠਨ

ਅੰਮ੍ਰਿਤਸਰ
ਸਾਂਝੀ ਸੋਚ ਬਿਊਰੋ

ਬਰਨਾਲਾ ਵਿੱਚ ਸਫ਼ਾਈ ਕਰਮਚਾਰੀਆਂ 'ਤੇ ਹੋਏ ਲਾਠੀਚਾਰਜ ਦੇ ਵਿਰੋਧ ਵਿੱਚ ਵਾਲਮੀਕਿ ਸਮਾਜ ਦੀ ਹੜਤਾਲ ਹੁਣ ਖ਼ਤਮ ਹੋ ਗਈ ਹੈ। ਸਰਕਾਰ ਨੇ ਮਾਮਲੇ ਦੀ ਜਾਂਚ ਲਈ ਸ਼ੀਠ ਦਾ ਗਠਨ ਕੀਤਾ ਹੈ। ਇਸ ਦੇ ਨਾਲ ਹੀ ਸਰਕਾਰ ਨੇ 1 ਅਗਸਤ ਤੋਂ ਠੇਕੇ 'ਤੇ ਕੰਮ ਕਰ ਰਹੇ ਸਫ਼ਾਈ ਸੇਵਕਾਂ ਅਤੇ ਸੀਵਰੇਜਮੈਨਾਂ ਨੂੰ ਵਧੀ ਹੋਈ ਤਨਖ਼ਾਹ ਦੇਣ ਦੀ ਗੱਲ ਕਹੀ ਹੈ।ਹੁਣ ਤੱਕ ਇਹਨਾਂ ਕਰਮਚਾਰੀਆਂ ਦੀ ਤਨਖ਼ਾਹ ਲਗਭਗ 10,500 ਰੁਪਏ ਸੀ, ਜਿਸ ਨੂੰ ਪਿਛਲੇ ਮਹੀਨੇ ਵਧਾ ਕੇ 14 ਹਜ਼ਾਰ ਰੁਪਏ ਕੀਤਾ ਗਿਆ ਸੀ। ਹੁਣ ਸਰਕਾਰ ਨੇ ਫ਼ੈਸਲਾ ਲਿਆ ਹੈ ਕਿ ਪ੍ਰੋਬੇਸ਼ਨ ਸਮੇਂ ਦੌਰਾਨ ਮਿਲਣ ਵਾਲੀ ਤਨਖ਼ਾਹ ਵਧਾ ਕੇ 20,500 ਰੁਪਏ ਕਰ ਦਿੱਤੀ ਜਾਵੇਗੀ। ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਜ਼ਿਆਦਾਤਰ ਯੂਨੀਅਨਾਂ ਨੇ ਆਪਣੀ ਹੜਤਾਲ ਖ਼ਤਮ ਕਰ ਦਿੱਤੀ ਹੈ।ਇਸ ਤੋਂ ਪਹਿਲਾਂ ਸਮਾਜ ਨੇ ਸੋਮਵਾਰ ਨੂੰ ਸਵੇਰੇ 10 ਤੋਂ ਸ਼ਾਮ 5 ਵਜੇ ਤੱਕ ਪੰਜਾਬ ਬੰਦ ਦਾ ਸੱਦਾ ਦਿੱਤਾ ਸੀ। ਇਸ ਦਾ ਸਭ ਤੋਂ ਜ਼ਿਆਦਾ ਅਸਰ ਜਲੰਧਰ ਵਿੱਚ ਦੇਖਣ ਨੂੰ ਮਿਲਿਆ। ਸ਼ਹਿਰ ਦੇ ਕਈ ਬਾਜ਼ਾਰ ਬੰਦ ਰਹੇ। ਅਤੇ ਕਈ ਨਿੱਜੀ ਸਕੂਲਾਂ ਨੇ ਛੁੱਟੀ ਐਲਾਨ ਕੇ ਆਨਲਾਈਨ ਕਲਾਸਾਂ ਚਲਾਈਆਂ।ਬੱਸਾਂ ਦੀ ਆਵਾਜਾਈ ਵੀ ਪ੍ਰਭਾਵਿਤ ਰਹੀ।

**ਰੱਬਾ ਇੰਨ੍ਹੇ ਜੋਗਾ ਕਰਦੇ ਕਿ ਲੋਕ ਕਹਿਣ ਇੰਨ੍ਹੇ ਜੋਗਾ ਕਿੱਥੇ ਸੀ...**

# ਭਗਵੰਤ ਮਾਨ ਸਰਕਾਰ ਨੇ ਠੇਕੇ 'ਤੇ ਕੰਮ ਕਰਨ ਵਾਲੇ ਸਫ਼ਾਈ ਸੇਵਕਾਂ ਅਤੇ ਸੀਵਰਮੈਨਾਂ ਦਾ ਮਹੀਨਾਵਾਰ ਮਿਹਨਤਾਨਾ ਵਧਾ ਕੇ 20,500 ਰੁਪਏ ਕੀਤਾ: ਹਰਜੋਤ ਸਿੰਘ ਬੈਂਸ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਸਫ਼ਾਈ ਸੇਵਕਾਂ ਦੇ ਮਾਣ-ਸਨਮਾਨ ਨੂੰ ਬਹਾਲ ਕਰਨ ਪ੍ਰਤੀ ਆਪਣੀ ਵਚਨਬੱਧਤਾ ਤਹਿਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਅੱਜ ਠੇਕੇ 'ਤੇ ਕੰਮ ਕਰਨ ਵਾਲੇ ਸਫ਼ਾਈ ਸੇਵਕਾਂ ਅਤੇ ਸੀਵਰਮੈਨਾਂ ਦੇ ਮਹੀਨਾਵਾਰ ਮਿਹਨਤਾਨੇ ਵਿੱਚ ਵੱਡੇ ਵਾਧੇ ਨੂੰ ਮਨਜ਼ੂਰੀ ਦੇ ਦਿੱਤੀ ਹੈ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਸਥਾਨਕ ਸਰਕਾਰਾਂ ਮੰਤਰੀ ਹਰਜੋਤ ਸਿੰਘ ਬੈਂਸ ਨੇ ਪੰਜਾਬ ਰਾਜ ਸਫ਼ਾਈ ਕਰਮਚਾਰੀ ਕਮਿਸ਼ਨ ਦੇ ਚੇਅਰਮੈਨ ਚੰਦਨ ਗਰੇਵਾਲ ਅਤੇ ਪੰਜਾਬ ਦਲਿਤ ਵਿਕਾਸ ਬੋਰਡ ਦੇ ਚੇਅਰਮੈਨ ਸ਼੍ਰੀ ਵਿਜੇ ਦਾਨਵ ਦੀ ਅਗਵਾਈ ਹੇਠ ਸਫਾਈ ਸੇਵਕ ਯੂਨੀਅਨ ਦੇ ਨੁਮਾਇੰਦਿਆਂ ਨਾਲ ਦਿਨ ਭਰ ਵਿਆਪਕ ਵਿਚਾਰ-ਵਟਾਂਦਰਾ ਕਰਨ ਤੋਂ ਬਾਅਦ ਇਹ ਫੈਸਲਾ ਲਿਆ। ਸਫਲ ਵਿਚਾਰ-ਵਟਾਂਦਰੇ ਤੋਂ ਬਾਅਦ, ਸੂਬੇ ਭਰ ਵਿੱਚ ਸਫ਼ਾਈ ਕਰਮਚਾਰੀਆਂ ਨੇ ਚੱਲ ਰਹੀ ਹੜਤਾਲ ਵਾਪਸ ਲੈ ਲਈ ਹੈ।

ਅੱਜ ਸ਼ਾਮ ਪੰਜਾਬ ਭਵਨ ਵਿਖੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸਥਾਨਕ ਸਰਕਾਰਾਂ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ, "ਸਫ਼ਾਈ ਸੇਵਕ ਸਾਡੇ ਸ਼ਹਿਰਾਂ ਵਿੱਚ ਸਫ਼ਾਈ ਲਈ ਅਹਿਮ ਭੂਮਿਕਾ ਨਿਭਾਉਂਦੇ ਹਨ। ਇਹ ਫੈਸਲਾ ਇਹ ਯਕੀਨੀ ਬਣਾਉਂਦਾ ਹੈ ਕਿ ਠੇਕੇ 'ਤੇ ਰੱਖੇ ਸਫ਼ਾਈ ਸੇਵਕਾਂ ਅਤੇ ਸੀਵਰਮੈਨਾਂ ਨੂੰ ਹੁਣ ਰੈਗੂਲਰ ਸਫ਼ਾਈ ਸੇਵਕ/ਸੀਵਰਮੈਨ ਨੂੰ ਪਰਖ ਕਾਲ ਦੌਰਾਨ ਦਿੱਤੇ ਜਾਣ ਵਾਲੇ ਕੁੱਲ ਮਾਸਿਕ ਮਿਹਨਤਾਨੇ ਦੇ ਬਰਾਬਰ ਮਿਹਨਤਾਨਾ ਮਿਲੇਗਾ।"ਉਨ੍ਹਾਂ ਅੱਗੇ ਕਿਹਾ, "ਸ਼ਹਿਰੀ ਸਥਾਨਕ ਇਕਾਈਆਂ ਅਤੇ ਨਗਰ ਸੁਧਾਰ ਟਰੱਸਟਾਂ ਵੱਲੋਂ ਠੇਕੇ 'ਤੇ ਰੱਖੇ ਗਏ ਸਫ਼ਾਈ ਕਰਮਚਾਰੀਆਂ ਨੂੰ ਹੁਣ 1 ਅਗਸਤ, 2026 ਤੋਂ ਰੈਗੂਲਰ ਕਰਮਚਾਰੀਆਂ ਨੂੰ ਪਰਖ ਕਾਲ ਦੌਰਾਨ ਮਿਲਣ ਵਾਲੇ 20,500 ਰੁਪਏ ਪ੍ਰਤੀ ਮਹੀਨਾ ਦੇ ਬਰਾਬਰ ਤਨਖਾਹ ਮਿਲੇਗੀ।"ਸਥਾਨਕ ਸਰਕਾਰਾਂ ਬਾਰੇ ਮੰਤਰੀ ਨੇ ਕਿਹਾ, "ਇਸ ਸੋਧੇ ਹੋਏ ਢਾਂਚੇ ਵਿੱਚ ਪਿਛਲੀਆਂ ਠੇਕੇ ਅਧਾਰਤ ਤਨਖਾਹਾਂ ਦੇ ਮੁਕਾਬਲੇ ਕਾਫ਼ੀ ਵੱਡਾ ਵਾਧਾ ਕੀਤਾ ਗਿਆ ਹੈ। ਮਿਹਨਤਾਨਾ 20,500 ਰੁਪਏ ਕਰਨ ਤੋਂ ਪਹਿਲਾਂ ਹਾਲ ਹੀ ਵਿੱਚ ਇਹ 10,500 ਰੁਪਏ ਤੋਂ ਵਧਾ ਕੇ 14,000 ਰੁਪਏ ਕੀਤਾ ਗਿਆ ਸੀ। ਮਾਨ ਸਰਕਾਰ ਦੇ ਇਸ ਫੈਸਲੇ ਨਾਲ ਸੈਨੀਟੇਸ਼ਨ ਸੇਵਾਵਾਂ 'ਤੇ ਨਿਰਭਰ ਹਜ਼ਾਰਾਂ ਪਰਿਵਾਰਾਂ ਨੂੰ ਸਿੱਧਾ ਲਾਭ ਹੋਵੇਗਾ। ਮੈਂ ਸਾਰੀਆਂ ਸ਼ਹਿਰੀ ਸਥਾਨਕ ਇਕਾਈਆਂ ਅਤੇ ਨਗਰ ਸੁਧਾਰ ਟਰੱਸਟਾਂ ਨੂੰ 1 ਅਗਸਤ ਤੋਂ ਤੁਰੰਤ ਪ੍ਰਭਾਵ ਨਾਲ ਇਸ ਹੁਕਮ ਨੂੰ ਲਾਗੂ ਕਰਨ ਦੇ ਨਿਰਦੇਸ਼ ਦਿੱਤੇ ਹਨ।"ਬਰਨਾਲਾ ਵਿੱਚ ਹਾਲ ਹੀ ਵਿੱਚ ਵਾਪਰੀ ਮੰਦਭਾਗੀ ਘਟਨਾ ਬਾਰੇ ਗੱਲ ਕਰਦਿਆਂ, ਸਥਾਨਕ ਸਰਕਾਰਾਂ ਮੰਤਰੀ ਨੇ ਕਿਹਾ, "ਇਸ ਮਾਮਲੇ ਦੀ ਜਾਂਚ ਕਰਨ ਅਤੇ ਜਲਦ ਨਿਆਂ ਯਕੀਨੀ ਬਣਾਉਣ ਲਈ ਇੱਕ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਦਾ ਗਠਨ ਕੀਤਾ ਗਿਆ ਹੈ। ਇਹ ਹਰੇਕ ਵਰਕਰ ਦੀ ਭਲਾਈ ਅਤੇ ਇੱਕ ਸਾਫ਼ ਅਤੇ ਸਿਹਤਮੰਦ ਪੰਜਾਬ ਬਣਾਉਣ ਪ੍ਰਤੀ ਮਾਨ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਸੂਬਾ ਸਰਕਾਰ ਜਨਤਕ ਸੇਵਾ ਵਿੱਚ ਯੋਗਦਾਨ ਪਾਉਣ ਵਾਲੇ ਹਰੇਕ ਵਿਅਕਤੀ ਲਈ ਸਮਾਜਿਕ ਨਿਆਂ ਯਕੀਨੀ ਬਣਾਉਣ ਅਤੇ ਉਨ੍ਹਾਂ ਦੇ ਮਾਣ-ਸਨਮਾਨ ਦੀ ਰਾਖੀ ਲਈ ਪੂਰੀ ਤਰ੍ਹਾਂ ਵਚਨਬੱਧ ਹੈ।"



WE HAVE THE CHEAPEST FARES TO INDIA

# LEGEND TRAVEL

arc accredited agency

CST # 207524-40

Special Fares To India From West-coast (us) On Air India Direct Flights



JATINDER SINGH




LOWEST AIRFARES FROM USA TO INDIA

★Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US (510) 797-9010

USA OFFICE: 2450 PERALTA BLVD., STE 106-108,
FREMONT CA 94536 PH.: 510-797-9010

Website: www.legendamerica.net

Emirates | Cathay Pacific | Asiana Airlines | Jet Airways | China Airlines | British Airways | Singapore Airlines | Lufthansa | ANA


Punjabi Cultural Society of Tracy
19th Annual Tracy Teeyan
Sunday, August 2, 2026
Time 10:00Am to 06:00Pm
I.P.F.E.S. Portuguese Hall of Tracy,
400 W 9th St. Tracy, CA
With Punjabi famous singer
KULWINDER BILLA
ਇਲਾਕੇ ਦੀਆਂ ਸਮੂਹ ਪੰਜਾਬੀ ਮੁਟਿਆਰਾਂ ਵੱਲੋਂ
ਗਿੱਧਾ, ਭੰਗੜਾ, ਬੋਲੀਆਂ ਪਾ ਪੇਸ਼ ਕੀਤੀਆਂ ਜਾਣਗੀਆਂ
ਵੱਖ-ਵੱਖ ਸੱਭਿਆਚਾਰਕ ਵੰਨਗੀਆ ਤੇ ਦਿਲ ਖਿੱਚਵੇਂ ਰੰਗਾਂ -ਰੰਗ ਪ੍ਰੋਗਰਾਮ।
ਲੱਗਣਗੇ ਹਾਰ- ਸ਼ਿੰਗਾਰ ਤੇ ਵੱਖੋ-ਵੱਖਰੇ ਖਾਣ ਪੀਣ ਦੇ ਸਟਾਲ !
TICKET
$10 TICKET
Kids under 5 free
Doors will close at 2 pm
Hosted by
Asha Sharma
FOR SPONSORSHIP AND PARTICIPATION
PLEASE CONTACT
Tajinder Muhar (209) 640-9521
Rani Kahlon
(ਸਟਾਲ ਸਾਰੇ ਬੁੱਕ ਹੋ ਚੁੱਕੇ ਨੇ) ਸਟੇਜ ਪਰਫਾਰਮੈਂਸ ਕਰਨ ਲਈ ਸੰਪਰਕ ਕਰੋ
ਵਧੇਰੇ ਜਾਣਕਾਰੀ ਲਈ ਕਾਲ ਕਰੋ : Tajinder Muhar (209) 640-9521


SUNSHINE AUTO CARE INC
WE REPAIR ALL"
AUTO • DIESEL TRUCKS • TRAILERS
All Makes & Models
FULL SERVICE AUTO & DIESEL REPAIR
Engine Diagnostics
Brake Service
Engine Diagnostics
Brake Service
Suspension & Steering
Diesel Truck Repair
Trailer Repair
Reliable • Professional • Fast Service
1003 MOFFAT BLVD.• MANTECA, CA 95336
209-239-1551

# ਸਰਹੱਦ ਪਾਰੋਂ ਚੱਲ ਰਹੇ ਤਸਕਰੀ ਮਾਡਿਊਲ ਨਾਲ ਜੁੜੇ ਚਾਰ ਵਿਅਕਤੀ 5 ਪਿਸਤੌਲ 2 ਕਿਲੋ ਹੈਰੋਇਨ ਅਤੇ 5 ਲੱਖ ਰੁਪਏ ਦੀ ਡਰੱਗ ਮਨੀ ਸਮੇਤ ਕਾਬੂ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਵਿੱਢੀ ਮੁਹਿੰਮ ਦੌਰਾਨ ਵੱਡੀ ਸਫਲਤਾ ਹਾਸਲ ਕਰਦਿਆਂ, ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਚਾਰ ਵਿਅਕਤੀਆਂ ਨੂੰ ਪੰਜ ਆਧੁਨਿਕ .30 ਬੋਰ ਪਿਸਤੌਲਾਂ, 2.015 ਕਿਲੋਗ੍ਰਾਮ ਹੈਰੋਇਨ ਅਤੇ 5 ਲੱਖ ਰੁਪਏ ਦੀ ਡਰੱਗ ਮਨੀ ਸਮੇਤ ਗ੍ਰਿਫ਼ਤਾਰ ਕਰਕੇ ਸਰਹੱਦ ਪਾਰੋਂ ਚੱਲ ਰਹੇ ਗੈਰ-ਕਾਨੂੰਨੀ ਹਥਿਆਰ ਅਤੇ ਨਸ਼ਾ ਤਸਕਰੀ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਬਿੱਟੂ ਕੁਮਾਰ ਉਰਫ਼ ਭਈਆ (20) ਵਾਸੀ ਨਵੀਂ ਆਬਾਦੀ, ਅੰਮ੍ਰਿਤਸਰ; ਸਾਹਿਬ ਸਿੰਘ (21) ਵਾਸੀ ਪਿੰਡ ਧਗਾਣਾ ਅਤੇ ਮੌਜੂਦਾ ਪਤਾ ਫਤਿਹ ਸਿੰਘ ਕਲੋਨੀ, ਅੰਮ੍ਰਿਤਸਰ; ਸੰਜੀਵ ਕੁਮਾਰ ਉਰਫ਼ ਨੰਨੂ (22) ਵਾਸੀ ਪਿੰਕ ਕਲੋਨੀ, ਤਰਨਤਾਰਨ ਅਤੇ ਸੰਦੀਪ ਕੁਮਾਰ ਉਰਫ਼ ਸੰਨੀ (22) ਵਾਸੀ ਪਿੰਡ ਛਿੱਦਾਂ, ਅੰਮ੍ਰਿਤਸਰ ਵਜੋਂ ਹੋਈ ਹੈ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਦੋਸ਼ੀ ਵਿਅਕਤੀ ਸਰਹੱਦ ਪਾਰੋਂ ਗੈਰ-ਕਾਨੂੰਨੀ ਹਥਿਆਰ ਅਤੇ ਨਸ਼ਾ ਤਸਕਰੀ ਦੀਆਂ ਗਤੀਵਿਧੀਆਂ ਵਿੱਚ ਸ਼ਾਮਲ ਸਨ। ਉਨ੍ਹਾਂ ਦੱਸਿਆ ਕਿ ਨੈੱਟਵਰਕ ਦੇ ਅਗਲੇ-ਪਿਛਲੇ ਸਬੰਧਾਂ ਨੂੰ ਸਥਾਪਤ ਕਰਨ ਅਤੇ ਕਾਰਟੈਲ ਵਿੱਚ ਸ਼ਾਮਲ ਸਾਰੇ ਸਾਥੀਆਂ ਦੀ ਪਛਾਣ ਕਰਨ ਲਈ ਹੋਰ ਜਾਂਚ ਜਾਰੀ ਹੈ। ਇਸ ਆਪਰੇਸ਼ਨ ਬਾਰੇ ਜਾਣਕਾਰੀ ਦਿੰਦਿਆਂ, ਕਮਿਸ਼ਨਰ ਆਫ ਪੁਲਿਸ (ਸੀਪੀ) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਭਰੋਸੇਯੋਗ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਕਾਰਵਾਈ ਕਰਦਿਆਂ, ਪੁਲਿਸ ਟੀਮਾਂ ਨੇ ਪਹਿਲਾਂ ਦੋਸ਼ੀ ਬਿੱਟੂ ਉਰਫ਼ ਭਈਆ ਅਤੇ ਸਾਹਿਬ ਸਿੰਘ ਨੂੰ ਇੱਕ ਪਿਸਤੌਲ ਸਮੇਤ ਗ੍ਰਿਫ਼ਤਾਰ ਕੀਤਾ। ਬਾਅਦ ਵਿੱਚ ਉਨ੍ਹਾਂ ਦੇ ਖੁਲਾਸੇ ਦੇ ਆਧਾਰ 'ਤੇ ਦੋ ਹੋਰ ਪਿਸਤੌਲ ਬਰਾਮਦ ਕੀਤੇ ਗਏ। ਉਨ੍ਹਾਂ ਦੱਸਿਆ ਕਿ ਜਾਂਚ ਦੌਰਾਨ ਦੋਵਾਂ ਮੁਲਜ਼ਮਾਂ ਨੇ ਖੁਲਾਸਾ ਕੀਤਾ ਕਿ ਉਹ ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਸਬੰਧੀ ਗਤੀਵਿਧੀਆਂ ਵਿੱਚ ਵੀ ਸ਼ਾਮਲ ਸਨ। ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਦੇ ਖੁਲਾਸਿਆਂ ਦੇ ਆਧਾਰ 'ਤੇ ਕਾਰਵਾਈ ਕਰਦਿਆਂ, ਪੁਲਿਸ ਟੀਮਾਂ ਨੇ ਦੋ ਹੋਰ ਮੁਲਜ਼ਮਾਂ ਸੰਜੀਵ ਕੁਮਾਰ ਉਰਫ ਨੰਨੂ ਅਤੇ ਸੰਦੀਪ ਉਰਫ ਸੰਨੀ ਨੂੰ 2.015 ਕਿਲੋ ਹੈਰੋਇਨ ਅਤੇ 5 ਲੱਖ ਰੁਪਏ ਦੀ ਡਰੱਗ ਮਨੀ ਸਮੇਤ ਗ੍ਰਿਫ਼ਤਾਰ ਕੀਤਾ। ਉਨ੍ਹਾਂ ਅੱਗੇ ਦੱਸਿਆ ਕਿ ਹੋਰ ਜਾਂਚ ਦੌਰਾਨ, ਮੁਲਜ਼ਮ ਸੰਦੀਪ ਉਰਫ ਸੰਨੀ ਵੱਲੋਂ ਕੀਤੇ ਗਏ ਖੁਲਾਸੇ ਦੇ ਆਧਾਰ 'ਤੇ ਪੁਲਿਸ ਟੀਮਾਂ ਨੇ ਦੋ ਹੋਰ ਪਿਸਤੌਲ ਬਰਾਮਦ ਕੀਤੇ। ਸੀਪੀ ਨੇ ਦੱਸਿਆ ਕਿ ਗ੍ਰਿਫ਼ਤਾਰ ਮੁਲਜ਼ਮ ਬਿੱਟੂ ਉਰਫ ਭਈਆ ਅਸਲਾ ਐਕਟ ਅਤੇ ਚੋਰੀ ਨਾਲ ਸਬੰਧਤ ਕਈ ਅਪਰਾਧਿਕ ਮਾਮਲਿਆਂ ਵਿੱਚ ਲੋੜੀਂਦਾ ਹੈ। ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਚਾਰੋ ਮੁਲਜ਼ਮ ਨੌਜਵਾਨ ਹਨ। ਇਸ ਸਬੰਧੀ, ਐਫਆਈਆਰ ਨੰਬਰ 156 ਮਿਤੀ 21.07.2026 ਨੂੰ ਅਸਲਾ ਐਕਟ ਦੀਆਂ ਧਾਰਾਵਾਂ 25(1ਬੀ) ਅਤੇ 24(6,7,8) ਅਤੇ ਐਨਡੀਪੀਐਸ ਐਕਟ ਦੀਆਂ ਧਾਰਾਵਾਂ 21-ਸੀ, 27-ਏ ਅਤੇ 29 ਤਹਿਤ ਥਾਣਾ ਸਦਰ ਅੰਮ੍ਰਿਤਸਰ ਵਿਖੇ ਦਰਜ ਕੀਤੀ ਗਈ ਹੈ।



# ਫਰਿਜ਼ਨੋ ਦੇ ਗੋਲਡਨ ਪੈਲਸ ਵਿਖੇ "ਲੋਕ ਰੰਗ ਨੂਰ ਜੋਰਾ" ਗਰੁੱਪ ਨੇ "ਮੇਲਾ ਮੇਲਣਾ ਦਾ" ਵਿੱਚ ਪਾਈ ਨੱਚ-ਨੱਚ ਧਮਾਲ

ਫਰਿਜ਼ਨੋ
ਕੁਲਵੰਤ ਧਾਲੀਆਂ,ਨੀਟਾ ਮਾਛੀਕੇ

ਪੰਜਾਬੀ ਸੱਭਿਆਚਾਰ ਅੰਦਰ ਸਾਉਣ ਮਹੀਨੇ ਦੀ ਰਿਵਾਇਤਾ ਅਨੁਸਾਰ ਬਹੁਤ ਮਹੱਤਤਾ ਚਲੀ ਆ ਰਹੀ ਹੈ। ਇਸ ਮਹੀਨੇ ਦੁਨੀਆ ਭਰ ਵਿੱਚ ਜਿੱਥੇ ਵੀ ਪੰਜਾਬੀ ਰਹਿੰਦੇ ਹਨ, ਖ਼ਾਸਕਰ ਪੰਜਾਬੀ ਬੀਬੀਆਂ, ਭੈਣਾਂ ਅਤੇ ਧੀਆਂ ਬਤੌਰ ਤੀਆਂ ਦੇ ਤਿਉਹਾਰ ਮਨਾਉਂਦੀਆਂ ਹਨ। ਜਦ ਕਿ ਸਮੇਂ ਦੇ ਬਦਲਣ ਨਾਲ ਇਸ ਤਿਉਹਾਰ ਵਿੱਚ ਵੀ ਬਹੁਤ ਤਬਦੀਲੀ ਆਈ ਹੈ। ਜਦ ਕਿ ਪੁਰਾਣੇ ਸਮੇਂ ਵਿੱਚ ਇਹ ਤਿਉਹਾਰ ਖੁੱਲ੍ਹੀਆਂ ਗਰਾਉਡਾ ਵਿੱਚ ਵਿੱਚ ਮਨਾਇਆ ਜਾਂਦਾ ਸੀ। ਪਰ ਵਿਦੇਸ਼ਾਂ ਵਿੱਚ ਸਮੇਂ ਦੀ ਘਾਟ ਕਰਕੇ ਇਸ ਤਿਉਹਾਰ ਨੇ ਸਟੇਜ ਸ਼ੋ ਨੂੰ ਆਪਣਾ ਸਥਾਨ ਬਣਾ ਲਿਆ। ਜਦ ਕਿ ਅੱਜ ਵੀ ਕਈ ਥਾਂਵਾਂ 'ਤੇ ਖੁਲੀਆਂ ਗਰਾਉਡਾ ਵਿੱਚ ਰਿਵਾਇਤੀ ਤੀਆਂ ਲਗਦੀਆਂ ਹਨ। ਪਰ ਪੰਜਾਬ ਵਿੱਚ ਪੱਛਮੀ ਪ੍ਰਭਾਵ ਹੇਠ ਲੋਕ ਰਿਵਾਇਤੀ ਤਿਉਹਾਰਾਂ ਤੋਂ ਦੂਰ ਹੋ ਰਹੇ ਹਨ। ਪਰ ਵਿਦੇਸ਼ੀ ਵੱਸਦਾ ਭਾਈਚਾਰਾ ਇਸ ਤਿਉਹਾਰ ਨੂੰ ਬੜੀ ਸ਼ਿੱਦਤ ਨਾਲ ਥਾਂ-ਥਾਂ 'ਤੇ ਰਲ-ਮਿਲ ਮਨਾ ਰਿਹਾ ਹੈ। ਇਸੇ ਲੜੀ ਤਹਿਤ "ਗੋਲਡਨ ਪੈਲਸ" ਫਰਿਜ਼ਨੋ ਦੇ ਮਾਲਕ ਗੈਰੀ, ਉਨ੍ਹਾਂ ਦੀ ਪਤਨੀ ਕੁਲਦੀਪ ਕੌਰ ਅਤੇ ਸਹਿਯੋਗੀ ਸ਼ਗਨ ਵੜੈਚ ਨੇ ਰਲ ਕੇ ਇਸ "ਮੇਲਾ ਮੇਲਣਾ ਦਾ" ਨਾਂ ਹੇਠ ਬੜੀ ਸ਼ਾਨੋ-ਸ਼ੌਕਤ ਨਾਲ ਮਨਾਇਆ। ਜਿਸ ਦੀ ਸ਼ੁਰੂਆਤ ਸਟੇਜ ਸੰਚਾਲਨ ਕਰਦੇ ਹੋਏ ਸ਼ਗਨ ਵੜੈਚ ਅਤੇ ਰਵਨੀਤ ਸ਼ੇਰਗਿੱਲ ਨੇ ਸਭ ਨੂੰ ਜੀ ਆਇਆਂ ਕਹਿੰਦਿਆਂ ਹੋਇਆਂ ਸਮੂੰਹ ਸਪਾਂਸਰ ਦਾ ਧੰਨਵਾਦ ਕਰਦੇ ਹੋਏ ਵੱਖ-ਵੱਖ ਟੀਮਾਂ ਨੂੰ ਪੇਸ਼ ਕਰਦਿਆਂ ਕੀਤਾ। ਜਦ ਕਿ ਇਸ ਪ੍ਰੋਗਰਾਮ ਵਿੱਚ ਵਿਸ਼ੇਸ਼ ਤੌਰ ਤੇ ਪੰਜਾਬ ਤੋਂ ਆਏ ਪ੍ਰਸਿੱਧ "ਲੋਕ ਰੰਗ ਨੂਰ ਜੋਰਾ" ਗਰੁੱਪ ਨੇ ਆਪਣੀ ਪੇਸ਼ਕਾਰੀ ਰਾਹੀਂ ਹਾਜ਼ਰ ਔਰਤਾਂ ਨੂੰ ਲਗਾਤਾਰ ਕਈ ਘੰਟੇ ਨੱਚਣ ਲਾਈ ਰੱਖਿਆ। ਇਸ ਪ੍ਰੋਗਰਾਮ ਵਿੱਚ ਸਹਿਯੋਗ ਦਿੰਦੇ ਹੋਏ ਜੀ. ਐਚ. ਜੀ. ਅਕੈਡਮੀਂ ਵੱਲੋਂ ਮਾਵਾਂ ਦਾ ਗਿੱਧਾ ਅਤੇ ਹੋਰ ਪੇਸ਼ਕਾਰੀਆਂ ਕੀਤੀਆਂ ਗਈਆਂ। ਪਰ ਇਸ ਪ੍ਰੋਗਰਾਮ ਨੂੰ ਅੰਤਮ ਸੀਮਾਂ ਤੱਕ ਲੋਕ ਰੰਗ ਨੂਰ ਜੋਰਾ ਦੀ ਟੀਮ ਨੇ ਪਹੁੰਚਾਇਆ। ਪ੍ਰੋਗਰਾਮ ਦੇ ਅੰਤ ਵਿੱਚ ਲੱਗੇ ਡੀ.ਜੇ ਦੀਆਂ ਬੀਟਾ ਨੇ ਹਾਜ਼ਰੀਨ ਨੂੰ ਨੱਚਣ ਲਾਈ ਰੱਖਿਆ। ਪ੍ਰਬੰਧਕਾਂ ਅਨੁਸਾਰ 2500 ਤੋਂ ਵਧੀਕ ਹਾਜ਼ਰੀਨ ਨੇ ਪ੍ਰੋਗਰਾਮ ਦਾ ਦੇਖਣ ਦਾ ਆਨੰਦ ਹੀ ਨਹੀਂ ਮਾਣਿਆ, ਸਗੋਂ ਕਲਾਕਾਰਾਂ ਦੇ ਨਾਲ ਸਾਰਾ ਭਰਿਆ ਹਾਲ ਨੱਚ ਰਿਹਾ ਸੀ। ਇਸ ਸਮੇਂ ਨੱਚਣ-ਟੱਪਣ ਅਤੇ ਲੋਕ ਗੀਤ-ਸੰਗੀਤ ਤੋਂ ਇਲਾਵਾ ਸਥਾਨਕ ਅਸ਼ੋਕਾ ਰੈਸਟੋਰੈਟ ਸੈਲਮਾਂ ਵੱਲੋਂ ਸੁਆਦਿਸਟ ਖਾਣਿਆਂ ਦਾ ਸਟਾਲ ਵੀ ਖਾਣਿਆਂ ਦੇ ਨਾਲ-ਨਾਲ ਮਹਿਕਾ ਵੰਡਦਾ ਹੋਇਆ ਸਭ ਨੂੰ ਆਪਣੇ ਵੱਲ ਖਿੱਚ ਰਿਹਾ ਸੀ। ਇਸੇ ਤਰ੍ਹਾਂ ਹੋਰ ਬਹੁਤ ਸਾਰੇ ਸਟਾਲ ਲੱਗੇ ਹੋਏ ਸਨ ਜਿੱਥੇ ਲੇਡੀਜ਼ ਸੂਟ, ਗਹਿਣੇ, ਪੰਜਾਬੀ ਜੁੱਤੀਆਂ ਅਤੇ ਹੋਰ ਬਹੁਤ ਕੁੱਝ ਖਿੱਚ ਦਾ ਕੇਂਦਰ ਬਣੇ ਰਹੇ। ਸਥਾਨਕ ਮੀਡੀਆ ਨਾਲ ਗੱਲਬਾਤ ਕਰਦਿਆਂ ਮੁੱਖ ਪ੍ਰਬੰਧਕ ਅਤੇ ਗੋਲਡਨ ਪੈਲਸ ਦੇ ਮਾਲਕ ਕੁਲਦੀਪ ਕੌਰ ਨੇ ਸਮੂੰਹ ਸਟਾਲ ਲਾਉਣ ਵਾਲੇ ਵਾਈਡਰਾਂ ਅਤੇ ਮੀਡੀਆ ਦਾ ਧੰਨਵਾਦ ਕੀਤਾ। ਜਦ ਕਿ ਬਾਕੀ ਪ੍ਰਬੰਧਕਾਂ ਵਿੱਚੋਂ ਸ਼ਗਨ ਵੜੈਚ ਨੇ ਪ੍ਰੋਗਰਾਮ ਸੰਬੰਧੀ ਜਾਣਕਾਰੀ ਦਿੱਤੀ। ਅੰਤ ਪੰਜਾਬੀ ਸੱਭਿਆਚਾਰ ਨੂੰ ਵਿਦੇਸ਼ਾਂ ਵਿੱਚ ਜਿੰਦਾਂ ਰੱਖਦਿਆਂ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ।



# 30 ਜੁਲਾਈ ਤੋਂ 11 ਅਗਸਤ ਤੱਕ ਬੰਦ ਰਹਿਣਗੇ ਸਕੂਲ: ਆਨਲਾਈਨ ਲੱਗਣਗੀਆਂ ਕਲਾਸਾਂ

ਹਰਿਦੁਆਰ
ਸਾਂਝੀ ਸੋਚ ਬਿਊਰੋ

ਕਾਂਵੜ ਮੇਲੇ ਨੂੰ ਸੁਰੱਖਿਅਤ ਅਤੇ ਸ਼ਾਂਤੀਪੂਰਨ ਢੰਗ ਨਾਲ ਨੇਪਰੇ ਚਾੜ੍ਹਨ ਲਈ ਜ਼ਿਲ੍ਹਾ ਪ੍ਰਸ਼ਾਸਨ ਅਤੇ ਹਰਿਦੁਆਰ ਪੁਲਿਸ ਨੇ ਤਿਆਰੀਆਂ ਪੂਰੀਆਂ ਕਰ ਲਈਆਂ ਹਨ। ਜ਼ਿਲ੍ਹਾ ਮੈਜਿਸਟ੍ਰੇਟ ਮਯੂਰ ਦੀਕਸ਼ਿਤ ਅਤੇ ਸੀਨੀਅਰ ਪੁਲਿਸ ਕਪਤਾਨ ਨਵਨੀਤ ਸਿੰਘ ਭੁੱਲਰ ਨੇ ਮੇਲੇ ਦੇ ਪ੍ਰਬੰਧਾਂ ਬਾਰੇ ਜਾਣਕਾਰੀ ਦਿੱਤੀ। ਜ਼ਿਲ੍ਹਾ ਮੈਜਿਸਟ੍ਰੇਟ ਮਯੂਰ ਦੀਕਸ਼ਿਤ ਨੇ ਦੱਸਿਆ ਕਿ ਮੇਲੇ ਲਈ ਸਾਰੇ ਵਿੱਚ ਰੱਖਦੇ ਹੋਏ ਜ਼ਿਲ੍ਹੇ ਦੇ ਸਾਰੇ ਸਕੂਲਾਂ ਵਿੱਚ 30 ਜੁਲਾਈ ਤੋਂ 11 ਅਗਸਤ ਤੱਕ ਛੁੱਟੀ ਰਹੇਗੀ ਜ਼ਿਲ੍ਹਾ ਪ੍ਰਸ਼ਾਸਨ ਨੇ ਸਪੱਸ਼ਟ ਕੀਤਾ ਹੈ ਕਿ ਛੁੱਟੀਆਂ ਦੌਰਾਨ ਵਿਦਿਆਰਥੀਆਂ ਦੀ ਪੜ੍ਹਾਈ ਪ੍ਰਭਾਵਿਤ ਨਾ ਹੋਵੇ, ਇਸ ਲਈ ਸਾਰੇ ਸਰਕਾਰੀ, ਗ਼ੈਰ-ਸਰਕਾਰੀ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਤਕਨੀਕੀ ਅਦਾਰਿਆਂ ਅਤੇ ਆਂਗਣਵਾੜੀ ਕੇਂਦਰਾਂ ਵਿੱਚ ਆਨਲਾਈਨ ਮਾਧਿਅਮ ਨਾਲ ਪੜ੍ਹਾਈ ਚਲਾਈ ਜਾਵੇ। ਸਾਰੇ ਵਿਦਿਅਕ ਅਦਾਰਿਆਂ ਨੂੰ ਡਿਜੀਟਲ ਮਾਧਿਅਮਾਂ, ਪੜ੍ਹਾਈ ਸਮੱਗਰੀ ਅਤੇ ਆਨਲਾਈਨ ਕਲਾਸਾਂ ਰਾਹੀਂ ਵਿਦਿਅਕ ਗਤੀਵਿਧੀਆਂ ਨੂੰ ਨਿਯਮਤ ਰੱਖਣ ਦੇ ਨਿਰਦੇਸ਼ ਦਿੱਤੇ ਗਏ ਹਨ। ਸਕੂਲਾਂ ਅਤੇ ਪ੍ਰਿੰਸੀਪਲਾਂ ਨੂੰ ਸਮਾਂ ਰਹਿੰਦੇ ਮਾਪਿਆਂ ਅਤੇ ਵਿਦਿਆਰਥੀਆਂ ਤੱਕ ਆਨਲਾਈਨ ਸ਼ਡਿਊਲ ਪਹੁੰਚਾਉਣ ਅਤੇ ਹੁਕਮਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

**ਰੱਬਾ ਇੰਨੇ ਜੋਗਾ ਕਰਦੇ ਕਿ ਲੋਕ ਕਹਿਣ ਇੰਨੇ ਜੋਗਾ ਕਿੱਥੇ ਸੀ...**

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

## ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।

ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।



# ਗੋਦੀ ਮੀਡੀਆ ਨੂੰ ਲਤਾੜ ਗਿਆ ਕਾਕਰੋਚ ਅੰਦੋਲਨ



SANJHI SOCH
ਗੁਰਮੀਤ ਸਿੰਘ ਪਲਾਹੀ
98158-02070

ਨੌਜਵਾਨਾਂ ਦੀ 'ਕਾਕਰੋਚ ਕ੍ਰਾਂਤੀ' ਅੱਗੇ ਕੁਝ ਹੀ ਦਿਨਾਂ ਵਿੱਚ ਨਾ ਸਿਰਫ਼ ਇਸ ਰਾਸ਼ਟਰ ਦੇ ਉਸ ਪ੍ਰਮੁੱਖ ਨੂੰ ਝੁਕਣਾ ਪਿਆ, ਜਿਹੜਾ ਸਿਰਫ਼ ਆਪਣੇ 'ਮਨ ਦੀ ਗੱਲ' ਕਰਨੀ ਜਾਣਦਾ ਹੈ ਅਤੇ ਦੂਜਿਆਂ ਦੇ ਮਨ ਦੀ ਗੱਲ ਸੁਣਨ ਤੋਂ ਮੁਨਕਰ ਰਿਹਾ ਹੈ; ਸਗੋਂ ਇਸ ਇਤਿਹਾਸਕ ਅੰਦੋਲਨ ਨੇ ਗੋਦੀ ਮੀਡੀਆ ਦਾ ਵੀ ਲੱਕ ਤੋੜ ਕੇ ਰੱਖ ਦਿੱਤਾ। ਕੀ ਇਹ ਇਹ ਉਹੀ ਮੀਡੀਆ ਨਹੀਂ ਹੈ, ਜੋ ਮੁੱਠੀ ਭਰ ਸਰਮਾਏਦਾਰਾਂ ਅਤੇ ਸਰਕਾਰ ਦਾ ਪਿੱਠੂ ਬਣ ਕੇ ਲੋਕਤੰਤਰ ਦੇ ਚੌਥੇ ਥੰਮ੍ਹ ਦੀ ਪ੍ਰਮਾਣਿਕਤਾ ਨੂੰ ਲਗਾਤਾਰ ਦਾਗ਼ਦਾਰ ਕਰ ਰਿਹਾ ਸੀ?

ਕਿਸਾਨ ਅੰਦੋਲਨ ਵੇਲੇ ਵੀ ਅਤੇ ਮੌਜੂਦਾ ਕੇਂਦਰ ਸਰਕਾਰ ਦੇ ਪਿਛਲੇ 12 ਸਾਲਾਂ ਦੇ ਕਾਰਜਕਾਲ ਦੌਰਾਨ ਹੋਏ ਹੋਰਨਾਂ ਜਨ-ਸੰਘਰਸ਼ਾਂ ਦੌਰਾਨ ਵੀ, ਗੋਦੀ ਮੀਡੀਆ ਦੀ ਭੂਮਿਕਾ ਉੱਨੀ ਹੀ ਨਿੰਦਣਯੋਗ ਅਤੇ ਪੱਖਪਾਤੀ ਰਹੀ ਜਿੰਨੀ ਮੌਜੂਦਾ ਹਕੂਮਤ ਦੀ। ਪਰ ਇਸ ਨੌਜਵਾਨ ਅੰਦੋਲਨ ਦੇ ਅਟੱਲ ਸਿਰੜ ਅੱਗੇ ਗੋਦੀ ਮੀਡੀਆ ਦੇ ਓਹਲੇ ਰਾਜ ਕਰਨ ਵਾਲੀ ਹਕੂਮਤ ਨੂੰ ਇੱਕ ਵਾਰ ਫਿਰ ਮੂੰਹ ਦੀ ਖਾਣੀ ਪਈ। ਨੌਜਵਾਨਾਂ ਦੇ ਭਾਰੇ ਰੋਸ ਅੱਗੇ ਪ੍ਰਧਾਨ ਮੰਤਰੀ ਨੂੰ ਝੁਕਣਾ ਪਿਆ ਅਤੇ ਉਨ੍ਹਾਂ ਦੀਆਂ ਜਾਇਜ਼ ਮੰਗਾਂ ਪ੍ਰਵਾਨ ਕਰਨੀਆਂ ਪਈਆਂ।

ਦੇਸ਼ ਦੇ ਕੋਨੇ-ਕੋਨੇ ਤੋਂ ਪਹੁੰਚੇ ਇਹ ਨੌਜਵਾਨ ਕੇਂਦਰੀ ਸਿੱਖਿਆ ਮੰਤਰੀ ਦੇ ਅਸਤੀਫ਼ੇ, ਸਿੱਖਿਆ ਢਾਂਚੇ ਵਿੱਚ ਪਾਰਦਰਸ਼ਤਾ, ਪੇਪਰ ਲੀਕ ਮਾਫ਼ੀਆ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਅਤੇ ਭਰਤੀ ਪ੍ਰੀਖਿਆਵਾਂ ਵਿੱਚ ਜਵਾਬਦੇਹੀ ਦੀ ਮੰਗ ਕਰ ਰਹੇ ਸਨ। ਇਹ ਰੋਸ ਕਿਸੇ ਇੱਕ ਵਿਅਕਤੀ, ਸੰਗਠਨ ਜਾਂ ਸਿਆਸੀ ਧਿਰ ਤੱਕ ਸੀਮਤ ਨਹੀਂ ਸੀ, ਬਲਕਿ ਇਹ ਦੇਸ਼ ਦੇ ਲੱਖਾਂ ਬੇਰੋਜ਼ਗਾਰ ਅਤੇ ਪੀੜਤ ਨੌਜਵਾਨਾਂ ਦੇ ਮਨਾਂ ਵਿੱਚ ਸਾਲਾਂ ਤੋਂ ਪਣਪ ਰਹੇ ਵਿਆਪਕ ਅੰਦਰੂਨੀ ਉਬਾਲ ਦਾ ਪ੍ਰਗਟਾਵਾ ਸੀ।

ਇਸ ਸੰਘਰਸ਼ ਵਿੱਚ ਜਨਤਕ ਅਤੇ ਬੁਨਿਆਦੀ ਮੁੱਦੇ ਏਨੇ ਹਾਵੀ ਹੋ ਗਏ ਕਿ ਰਵਾਇਤੀ ਨੇਤਾਵਾਂ ਦੀ ਪ੍ਰਸੰਗਿਕਤਾ ਹੀ ਖ਼ਤਮ ਹੋ ਗਈ-ਠੀਕ ਉਵੇਂ ਹੀ ਜਿਵੇਂ ਇਤਿਹਾਸਕ ਕਿਸਾਨ ਅੰਦੋਲਨ ਦੌਰਾਨ ਦੇਖਣ ਨੂੰ ਮਿਲਿਆ ਸੀ। ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਗੋਦੀ ਮੀਡੀਆ ਨੂੰ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰਦੇ ਇਹ ਪੜ੍ਹੇ-ਲਿਖੇ ਨੌਜਵਾਨ ਵੀ 'ਦੇਸ਼ ਨੂੰ ਤੋੜਨ ਵਾਲੀਆਂ ਵਿਦੇਸ਼ੀ ਤਾਕਤਾਂ' ਦੇ ਮੋਹਰੇ ਹੀ ਜਾਪੇ।

ਇਸ ਵਿਕੇ ਹੋਏ ਮੀਡੀਆ ਨੇ ਪ੍ਰਸਿੱਧ ਵਾਤਾਵਰਨ ਪ੍ਰੇਮੀ ਸੋਨਮ ਵਾਂਗਚੁਕ ਦੇ ਮਰਨ ਵਰਤ ਦਾ ਮਜ਼ਾਕ ਉਡਾਇਆ। ਟੀਵੀ ਸਕਰੀਨਾਂ 'ਤੇ ਬੈਠੇ ਕੁਝ ਕਥਿਤ ਬੁੱਧੀਜੀਵੀ ਹਰ ਰੋਜ਼ ਹਕੂਮਤ ਦੀ ਭਗਤੀ ਕਰਦੇ ਅਤੇ 'ਕਾਕਰੋਚ ਅੰਦੋਲਨ' ਦੇ ਆਗੂ ਅਭਿਜੀਤ ਦਿਪਕੇ 'ਤੇ ਤੀਰ ਛੱਡਦੇ ਦਿਖਾਈ ਦਿੱਤੇ। ਗੋਦੀ ਮੀਡੀਆ ਨੇ ਇਹ ਸਾਬਤ ਕਰਨ ਲਈ ਪੂਰਾ ਤਾਣ ਲਗਾਇਆ ਕਿ ਇਹ ਪ੍ਰਦਰਸ਼ਨਕਾਰੀ ਉਹੀ 'ਰਾਸ਼ਟਰ-ਵਿਰੋਧੀ' ਹਨ, ਜਿਨ੍ਹਾਂ ਨੂੰ ਸ਼ਾਹੀਨ ਬਾਗ਼ ਜਾਂ ਕਿਸਾਨ ਅੰਦੋਲਨ 'ਚ ਦੇਖਿਆ ਗਿਆ ਸੀ-ਜਿਨ੍ਹਾਂ ਨੂੰ ਪ੍ਰਧਾਨ ਮੰਤਰੀ ਨੇ 'ਅੰਦੋਲਨਜੀਵੀ' ਆਖ ਕੇ ਭੰਡਿਆ ਸੀ।

ਪਰ ਗੋਦੀ ਮੀਡੀਆ ਨੇ ਜਾਣਬੁੱਝ ਕੇ ਇਹ ਸੱਚ ਛੁਪਾਉਣ ਦੀ ਕੋਸ਼ਿਸ਼ ਕੀਤੀ ਕਿ ਇਸ ਮੁਹਿੰਮ ਦੀ ਚੰਗਿਆੜੀ ਸੁਪਰੀਮ ਕੋਰਟ ਦੀ ਉਸ ਅਫ਼ਸੋਸਜਨਕ ਟਿੱਪਣੀ ਤੋਂ ਭੜਕੀ ਸੀ, ਜਿਸ 'ਚ ਵਿਦਿਆਰਥੀਆਂ ਦੇ ਰੋਸ ਨੂੰ ਵਿਅੰਗ ਨਾਲ 'ਕਾਕਰੋਚ' ਵਾਂਗ ਦੇਖਿਆ ਗਿਆ। ਨੀਟ ਪੇਪਰ ਲੀਕ ਦੇ ਧੱਕੇਸ਼ਾਂਹੀ ਭਰੇ ਫ਼ੈਸਲਿਆਂ ਨੇ ਨੌਜਵਾਨਾਂ ਦੇ ਮਨਾਂ 'ਚ ਗੁੱਸਾ ਭਰ ਦਿੱਤਾ। ਸੋਸ਼ਲ ਮੀਡੀਆ 'ਤੇ ਸ਼ੁਰੂ ਹੋਈ ਵਿਅੰਗਾਤਮਕ ਮੁਹਿੰਮ ਨੇ ਅਜਿਹਾ ਜਨ-ਅੰਦੋਲਨ ਖੜ੍ਹਾ ਕੀਤਾ ਜਿਸ ਨੇ ਸਿਰਫ਼ 70 ਦਿਨਾਂ ਦੇ ਅੰਦਰ-ਅੰਦਰ ਕੇਂਦਰੀ ਸਿੱਖਿਆ ਮੰਤਰੀ ਨੂੰ ਕੁਰਸੀ ਛੱਡਣ ਲਈ ਮਜਬੂਰ ਕਰ ਦਿੱਤਾ।

ਇਸ ਅੰਦੋਲਨ ਦਾ ਕੋਈ ਪਰੰਪਰਾਗਤ ਸਿਆਸੀ ਰਹਿਬਰ ਨਹੀਂ ਸੀ, ਬਲਕਿ ਇੰਸਟਾਗ੍ਰਾਮ ਅਤੇ 'ਐਕਸ' ਵਰਗੇ ਡਿਜੀਟਲ ਪਲੇਟਫਾਰਮਾਂ 'ਤੇ ਬਣੇ ਨੈੱਟਵਰਕ ਨੇ ਇਸ ਦੀ ਨੀਂਹ ਰੱਖੀ। ਵਿਦਿਆਰਥੀਆਂ ਨੇ ਬੜੀ ਸੂਝ-ਬੂਝ ਨਾਲ ਸੋਸ਼ਲ ਮੀਡੀਆ 'ਤੇ 15-15 ਜਾਂ 30-30 ਸੈਕਿੰਡਾਂ ਦੀਆਂ ਛੋਟੀਆਂ-ਛੋਟੀਆਂ ਵੀਡੀਓਜ਼ ਪਾ ਕੇ ਆਪਣੇ ਅੰਦੋਲਨ ਨੂੰ ਇੰਨਾ ਮਜ਼ਬੂਤ ਕਰ ਦਿੱਤਾ ਕਿ ਇਸ ਦਾ ਸੁਨੇਹਾ ਦੇਸ਼ ਦੇ ਹਰ ਕੋਨੇ ਤੱਕ ਪਹੁੰਚ ਗਿਆ। ਬਿਨਾਂ ਕਿਸੇ ਵੱਡੇ ਦਾਅਵੇ ਜਾਂ ਫੋਕੀ ਬਿਆਨਬਾਜ਼ੀ ਦੇ, ਉਹ ਬਹੁਤ ਹੀ ਸੁਚੇਤ ਰੂਪ ਵਿੱਚ ਆਪਣੇ ਨਿਸ਼ਾਨੇ 'ਤੇ ਕੰਮ ਕਰਦੇ ਨਜ਼ਰ ਆਏ। ਉਨ੍ਹਾਂ ਨੇ ਆਪਣੇ ਆਪ ਨੂੰ ਸਿੱਖਿਆ ਦੇ ਖੇਤਰ 'ਚ ਹੋਈਆਂ ਧਾਂਦਲੀਆਂ ਅਤੇ ਇਸ ਨਾਲ ਜੁੜੇ ਬੇਰੋਜ਼ਗਾਰੀ ਦੇ ਗੰਭੀਰ ਮੁੱਦੇ ਤੱਕ ਹੀ ਕੇਂਦਰਿਤ ਰੱਖਿਆ।

ਇਹ ਆਵਾਜ਼ ਦਿੱਲੀ ਦੇ ਜੰਤਰ-ਮੰਤਰ ਤੋਂ ਹੁੰਦੀ ਹੋਈ ਦੇਸ਼ ਦੀਆਂ ਤਮਾਮ ਯੂਨੀਵਰਸਿਟੀਆਂ ਦੇ ਗਲਿਆਰਿਆਂ ਤੱਕ ਗੂੰਜ ਉੱਠੀ। ਇਸ ਮੁਹਿੰਮ ਨੇ ਜਿੱਥੇ ਗੋਦੀ ਮੀਡੀਆ ਦੇ ਪੱਖਪਾਤੀ ਚਿਹਰੇ ਨੂੰ ਬੇਨਕਾਬ ਕੀਤਾ, ਉੱਥੇ ਹੀ ਨੌਜਵਾਨਾਂ ਨੂੰ ਆਪਣੇ ਹੱਕਾਂ ਲਈ ਆਰ-ਪਾਰ ਦੀ ਲੜਾਈ ਲੜਨ ਦਾ ਰਾਹ ਵੀ ਦਿਖਾਇਆ।

ਇਹ ਸਮਝਣਾ ਜ਼ਰੂਰੀ ਹੈ ਕਿ ਇਹ ਲੜਾਈ ਸਿਰਫ਼ ਨੀਟ ਪ੍ਰੀਖਿਆ ਤੱਕ ਸੀਮਤ ਨਹੀਂ ਸੀ; ਇਹ ਖ਼ਰਾਬ ਪ੍ਰੀਖਿਆ ਪ੍ਰਣਾਲੀ, ਬੇਰੋਜ਼ਗਾਰੀ ਅਤੇ ਨੌਜਵਾਨਾਂ ਦੇ ਰੁਲਦੇ ਭਵਿੱਖ ਪ੍ਰਤੀ ਫੈਲੀ ਵਿਆਪਕ ਬੇਚੈਨੀ ਦਾ ਵਿਸਫ਼ੋਟ ਸੀ, ਜੋ ਇੱਕ ਕ੍ਰਾਂਤੀ ਵਿੱਚ ਬਦਲ ਗਿਆ।

ਜੇਕਰ ਇਤਿਹਾਸ 'ਤੇ ਝਾਤ ਮਾਰੀਏ ਤਾਂ ਵਿਦਿਆਰਥੀ ਅੰਦੋਲਨਾਂ ਨੇ ਹਮੇਸ਼ਾ ਦੇਸ਼ ਦੀ ਰਾਜਨੀਤੀ ਨੂੰ ਨਵੀਂ ਦਿਸ਼ਾ ਦਿੱਤੀ ਹੈ: 1906 ਵਿੱਚ ਡਾ. ਰਾਜੇਂਦਰ ਪ੍ਰਸਾਦ ਦੀ ਅਗਵਾਈ ਹੇਠ 'ਬਿਹਾਰੀ ਸਟੂਡੈਂਟਸ ਸੈਂਟਰਲ ਐਸੋਸੀਏਸ਼ਨ' ਨੇ ਆਜ਼ਾਦੀ ਸੰਗ੍ਰਾਮ 'ਚ ਅਹਿਮ ਭੂਮਿਕਾ ਨਿਭਾਈ। 11 ਅਗਸਤ 1942 ਨੂੰ ਪਟਨਾ ਵਿਧਾਨ ਸਭਾ 'ਤੇ ਝੰਡਾ ਲਹਿਰਾਉਂਦਿਆਂ 7 ਵਿਦਿਆਰਥੀ ਸ਼ਹੀਦ ਹੋਏ। 1955 ਵਿੱਚ ਬਿਹਾਰ 'ਚ ਬੱਸ ਕਿਰਾਇਆ ਵਾਧੇ ਵਿਰੁੱਧ ਹੋਏ ਵਿਦਿਆਰਥੀ ਅੰਦੋਲਨ ਕਾਰਨ ਮੰਤਰੀ ਨੂੰ ਅਸਤੀਫ਼ਾ ਦੇਣਾ ਪਿਆ ਸੀ। 1973-74 ਦਾ ਗੁਜਰਾਤ ਦਾ 'ਨਵਨਿਰਮਾਣ ਅੰਦੋਲਨ' ਵਿਦਿਆਰਥੀਆਂ ਦੀ ਤਾਕਤ ਸੀ, ਜਿਸ ਨੇ ਚਿਮਨਭਾਈ ਪਟੇਲ ਦੀ ਸਰਕਾਰ ਦਾ ਤਖ਼ਤਾ ਪਲਟ ਦਿੱਤਾ। 1974 ਦਾ ਇਤਿਹਾਸਕ 'ਜੇ.ਪੀ. ਅੰਦੋਲਨ' ਵੀ ਵਿਦਿਆਰਥੀਆਂ ਦੇ ਰੋਸ ਤੋਂ ਸ਼ੁਰੂ ਹੋਇਆ, ਜਿਸ ਦੇ ਸਿੱਟੇ ਵਜੋਂ ਦੇਸ਼ 'ਚ ਇਮਰਜੈਂਸੀ ਲੱਗੀ ਅਤੇ ਕਾਂਗਰਸ ਸੱਤਾ ਤੋਂ ਬਾਹਰ ਹੋਈ। 1979-1985 ਤੱਕ ਅਸਾਮ ਦੇ ਵਿਦਿਆਰਥੀ ਅੰਦੋਲਨ ਨੇ ਕੇਂਦਰ ਸਰਕਾਰ ਨੂੰ 'ਅਸਾਮ ਸਮਝੌਤਾ' ਕਰਨ ਲਈ ਮਜਬੂਰ ਕੀਤਾ। 1990 ਦਾ ਮੰਡਲ ਕਮਿਸ਼ਨ ਵਿਰੋਧੀ ਅੰਦੋਲਨ ਹੋਵੇ ਜਾਂ 2016 ਵਿੱਚ ਹੈਦਰਾਬਾਦ ਯੂਨੀਵਰਸਿਟੀ ਦੇ ਦਲਿਤ ਵਿਦਿਆਰਥੀ ਰੋਹਿਤ ਵੇਮੁਲਾ ਦੀ ਸੰਸਥਾਗਤ ਹੱਤਿਆ ਵਿਰੁੱਧ ਉੱਠਿਆ ਰੋਸ- ਵਿਦਿਆਰਥੀਆਂ ਨੇ ਹਮੇਸ਼ਾ ਹਕੂਮਤਾਂ ਦੀਆਂ ਨੀਂਦਾਂ ਉਡਾਈਆਂ ਹਨ।

2017 ਵਿੱਚ ਪੰਜਾਬ ਯੂਨੀਵਰਸਿਟੀ (ਪੀਯੂ) ਚੰਡੀਗੜ੍ਹ ਵਿਖੇ ਫ਼ੀਸਾਂ ਦੇ ਭਾਰੀ ਵਾਧੇ ਵਿਰੁੱਧ ਵਿਦਿਆਰਥੀਆਂ ਦਾ ਇਤਿਹਾਸਕ ਸੰਘਰਸ਼, 2019 ਵਿੱਚ ਜਵਾਹਰਲਾਲ ਨਹਿਰੂ ਯੂਨੀਵਰਸਿਟੀ (ਜੇ.ਐੱਨ.ਯੂ.) ਦਾ ਫੀਸ ਵਾਧਾ ਵਿਰੋਧੀ ਅੰਦੋਲਨ, ਅਤੇ ਹਾਲ ਹੀ ਵਿੱਚ 2025 ਵਿੱਚ ਪੰਜਾਬ ਯੂਨੀਵਰਸਿਟੀ ਦੇ ਲੋਕਤੰਤਰ ਤੇ ਸੈਨੇਟ ਨੂੰ ਬਚਾਉਣ ਲਈ ਲੜਿਆ ਗਿਆ ਅੰਦੋਲਨ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹਨ ਕਿ ਨੌਜਵਾਨ ਚੁੱਪ ਨਹੀਂ ਬੈਠ ਸਕਦੇ।

ਅਫ਼ਸੋਸ ਦੀ ਗੱਲ ਇਹ ਹੈ ਕਿ ਗੋਦੀ ਮੀਡੀਆ ਨੇ ਹਮੇਸ਼ਾ ਇਨ੍ਹਾਂ ਇਤਿਹਾਸਕ ਅੰਦੋਲਨਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ। ਇਸ 'ਕਾਕਰੋਚ ਅੰਦੋਲਨ' ਵੇਲੇ ਵੀ ਮੀਡੀਆ ਨੇ ਪ੍ਰਦਰਸ਼ਨਕਾਰੀਆਂ ਨੂੰ ਗੁਮਰਾਹਕੁੰਨ ਅਤੇ ਦੇਸ਼-ਵਿਰੋਧੀ ਗਰਦਾਨਣ 'ਚ ਕੋਈ ਕਸਰ ਨਹੀਂ ਛੱਡੀ।

ਅੰਕੜੇ ਗਵਾਹ ਹਨ ਕਿ ਪਿਛਲੇ 10 ਸਾਲਾਂ ਵਿੱਚ 99 ਤੋਂ ਵੱਧ ਪ੍ਰਮੁੱਖ ਪ੍ਰੀਖਿਆਵਾਂ ਦੇ ਪੇਪਰ ਲੀਕ ਹੋਏ, ਜਿਸ ਨਾਲ ਸਾਢੇ ਛੇ ਕਰੋੜ ਵਿਦਿਆਰਥੀਆਂ ਦਾ ਭਵਿੱਖ ਦਾਅ 'ਤੇ ਲੱਗਿਆ। ਪੇਪਰ ਮਾਫ਼ੀਆ ਦਾ ਜਾਲ 19 ਸੂਬਿਆਂ ਵਿੱਚ ਫੈਲਿਆ ਹੋਇਆ ਹੈ। ਪਰ ਹਕੂਮਤ ਦੀ ਖ਼ਾਮੋਸ਼ੀ ਅਤੇ ਗੋਦੀ ਮੀਡੀਆ ਦੀ ਅੰਨ੍ਹੀ ਵਫ਼ਾਦਾਰੀ ਸ਼ਰਮਨਾਕ ਰਹੀ। ਜਦੋਂ ਨੀਟ ਪ੍ਰੀਖਿਆ ਦੇ ਧਾਂਦਲੇਪਣ ਕਾਰਨ 22 ਦੇ ਲਗਭਗ ਮਾਸੂਮ ਵਿਦਿਆਰਥੀਆਂ ਨੇ ਨਿਰਾਸ਼ਾ ਵਿੱਚ ਆਤਮਹੱਤਿਆ ਕੀਤੀ, ਤਾਂ ਕਿਸੇ ਟੀਵੀ ਚੈਨਲ ਨੇ ਉਨ੍ਹਾਂ ਦੇ ਪਰਿਵਾਰਾਂ ਦਾ ਦਰਦ ਨਹੀਂ ਦਿਖਾਇਆ।

ਕਾਹਨ ਪਟੇਲ ਨਾਮ ਦੇ ਵਿਦਿਆਰਥੀ ਦੇ ਪਿਤਾ ਪ੍ਰਸ਼ਾਂਤ ਪਟੇਲ ਦੇ ਇਹ ਸ਼ਬਦ ਸਿਸਟਮ ਦੇ ਮੂੰਹ 'ਤੇ ਚਪੇੜ ਹਨ: "ਮੇਰੇ ਪੁੱਤ ਨੇ ਡਾਕਟਰ ਬਣਨ ਲਈ ਖੇਡਣਾ, ਘੁੰਮਣਾ, ਗਿਟਾਰ ਵਜਾਉਣਾ ਸਭ ਛੱਡ ਦਿੱਤਾ ਸੀ। ਪਰ ਪੇਪਰ ਲੀਕ ਦੀ ਖ਼ਬਰ ਨੇ ਉਸ ਦਾ ਵਿਸ਼ਵਾਸ ਤੋੜ ਦਿੱਤਾ। ਮੇਰਾ ਬੇਟਾ ਆਪ ਨਹੀਂ ਹਾਰਿਆ, ਇਸ ਭ੍ਰਿਸ਼ਟ ਸਿਸਟਮ ਨੇ ਉਸ ਦਾ ਕਤਲ ਕੀਤਾ ਹੈ।"

ਪਰ ਗੋਦੀ ਮੀਡੀਆ ਨੂੰ ਇਹ ਦਰਦ ਨਜ਼ਰ ਨਹੀਂ ਆਉਂਦਾ, ਕਿਉਂਕਿ ਉਹ ਸਿਰਫ਼ ਤਾਕਤ ਦੇ ਸੋਹਲੇ ਗਾਉਣਾ ਜਾਣਦਾ ਹੈ। ਜੰਤਰ-ਮੰਤਰ 'ਤੇ ਜਦੋਂ ਦੇਸ਼ ਦੇ ਭਵਿੱਖ ਉੱਤੇ ਲਾਠੀਆਂ ਅਤੇ ਅੱਥਰੂ ਗੈਸ ਦੇ ਗੋਲੇ ਬਰਸਾਏ ਜਾ ਰਹੇ ਸਨ, ਉਦੋਂ ਮੀਡੀਏ ਦੇ ਕੈਮਰੇ ਬੰਦ ਸਨ। ਹੱਦ ਤਾਂ ਉਦੋਂ ਹੋ ਗਈ ਜਦੋਂ ਸ਼ਾਂਤਮਈ ਪ੍ਰਦਰਸ਼ਨ ਕਰ ਰਹੀਆਂ ਨੌਜਵਾਨ ਧੀਆਂ-ਭੈਣਾਂ ਅਤੇ ਲੜਕੀਆਂ ਨਾਲ ਪੁਲਿਸ ਤੇ ਪ੍ਰਸ਼ਾਸਨ ਵੱਲੋਂ ਬੇਰਹਿਮੀ ਅਤੇ ਬਦਸਲੂਕੀ ਕੀਤੀ ਗਈ। ਉਨ੍ਹਾਂ ਨੂੰ ਧੱਕੇ ਮਾਰੇ ਗਏ, ਘੜੀਸਿਆ ਗਿਆ, ਪਰ ਸਰਕਾਰੀ ਸ਼ਹਿ ਪ੍ਰਾਪਤ ਮੀਡੀਆ ਨੇ ਇਸ ਸ਼ਰਮਨਾਕ ਰਵੱਈਏ ਨੂੰ ਦਿਖਾਉਣ ਦੀ ਥਾਂ ਆਪਣੀਆਂ ਅੱਖਾਂ 'ਤੇ ਪੱਟੀ ਬੰਨ੍ਹੀ ਰੱਖੀ।

ਇਸ ਅੰਦੋਲਨ ਦੀ ਸਭ ਤੋਂ ਵੱਡੀ ਖ਼ਾਸੀਅਤ ਅਤੇ ਖ਼ੂਬਸੂਰਤੀ ਇਹ ਰਹੀ ਕਿ ਇਸ ਨੇ ਕਿਸੇ ਵੀ ਤਰ੍ਹਾਂ ਦਾ ਧਾਰਮਿਕ ਜਾਂ ਫ਼ਿਰਕੂ ਰੂਪ ਅਖ਼ਤਿਆਰ ਨਹੀਂ ਕੀਤਾ। ਹਕੂਮਤ ਅਤੇ ਗੋਦੀ ਮੀਡੀਆ ਨੇ ਇਸ ਨੂੰ ਧਰਮ ਜਾਂ ਜਾਤ ਦੀਆਂ ਵੰਡੀਆਂ 'ਚ ਉਲਝਾਉਣ ਦੀ ਪੂਰੀ ਕੋਸ਼ਿਸ਼ ਕੀਤੀ, ਪਰ ਇਹ ਨੌਜਵਾਨ ਕਿਸੇ ਜਾਲ 'ਚ ਨਹੀਂ ਫਸੇ। ਉਹ ਇੱਕ ਸਹੀ, ਨਿਰਪੱਖ ਅਤੇ ਅਗਾਂਹਵਧੂ ਸੋਚ ਨਾਲ ਅੱਗੇ ਵਧੇ, ਜਿੱਥੇ ਉਨ੍ਹਾਂ ਦਾ ਇਕਲੌਤਾ ਧਰਮ- ਇਨਸਾਫ਼, ਸਿੱਖਿਆ ਅਤੇ ਰੋਜ਼ਗਾਰ ਸੀ।

ਇਸ ਦੇ ਨਾਲ ਹੀ ਇੱਕ ਹੋਰ ਬਹੁਤ ਹੀ ਮਹੱਤਵਪੂਰਨ ਪਹਿਲੂ ਇਹ ਰਿਹਾ ਕਿ ਵਿਦਿਆਰਥੀ ਪ੍ਰਬੰਧਕਾਂ ਨੇ ਇਸ ਅੰਦੋਲਨ ਨੂੰ ਕਿਸੇ ਵੀ ਰਾਜਨੀਤਿਕ ਪਾਰਟੀ ਦੀ 'ਕੱਠਪੁਤਲੀ' ਨਹੀਂ ਬਣਨ ਦਿੱਤਾ। ਭਾਵੇਂ ਕਿ ਲਗਭਗ ਸਾਰੀਆਂ ਵਿਰੋਧੀ ਧਿਰਾਂ ਨੇ ਇਸ ਸੰਘਰਸ਼ ਦਾ ਸਮਰਥਨ ਕੀਤਾ ਅਤੇ ਅਨੇਕਾਂ ਸਮਾਜਿਕ ਜਥੇਬੰਦੀਆਂ ਵੀ ਵਿਦਿਆਰਥੀਆਂ ਦੇ ਹੱਕ ਵਿੱਚ ਨਿੱਤਰ ਕੇ ਸਾਹਮਣੇ ਆਈਆਂ, ਪਰ ਅੰਦੋਲਨ ਦੇ ਪ੍ਰਬੰਧਕਾਂ ਨੇ ਸਮਝਦਾਰੀ ਦਿਖਾਉਂਦਿਆਂ ਕਿਸੇ ਵੀ ਸਿਆਸੀ ਧਿਰ ਨੂੰ ਇਸ ਮੰਚ ਨੂੰ ਹਥਿਆਉਣ ਨਹੀਂ ਦਿੱਤਾ। ਨੌਜਵਾਨ ਇਸ ਸੋਚ ਨਾਲ ਅੱਗੇ ਵਧੇ ਕਿ ਇਹ ਅੰਦੋਲਨ ਕਿਸੇ ਪਾਰਟੀ ਦਾ ਮੁਫ਼ਤ ਦਾ ਸਿਆਸੀ ਹਥਿਆਰ ਬਣਨ ਦੀ ਥਾਂ, ਇੱਕ ਅਜਿਹਾ ਸੁਚੇਤ ਜਨ-ਅੰਦੋਲਨ ਬਣੇ ਜੋ ਦੇਸ਼ ਦੇ ਭਵਿੱਖ ਅਤੇ ਆਉਣ ਵਾਲੀ ਰਾਜਨੀਤੀ ਨੂੰ ਇੱਕ ਹਾਂ-ਪੱਖੀ ਤੇ ਨਵੀਂ ਦਿਸ਼ਾ ਦੇਣ ਵਿੱਚ ਇਤਿਹਾਸਕ ਭੂਮਿਕਾ ਨਿਭਾ ਸਕੇ।

ਨੌਜਵਾਨਾਂ ਨੇ ਇਹ ਵੀ ਸਪਸ਼ਟ ਸੰਦੇਸ਼ ਦਿੱਤਾ ਹੈ ਕਿ ਇਹ ਸੰਘਰਸ਼ ਹੁਣੇ ਖ਼ਤਮ ਹੋਣ ਵਾਲਾ ਨਹੀਂ ਹੈ। ਜੇਕਰ ਸਰਕਾਰ ਪ੍ਰਵਾਨ ਕੀਤੀਆਂ ਮੰਗਾਂ ਨੂੰ ਸਹੀ ਢੰਗ ਨਾਲ ਲਾਗੂ ਕਰਨ ਤੋਂ ਪਿੱਛੇ ਹਟਦੀ ਹੈ ਜਾਂ ਆਪਣੇ ਵਾਅਦਿਆਂ ਤੋਂ ਮੁਨਕਰ ਹੁੰਦੀ ਹੈ, ਤਾਂ ਇਹ ਅੰਦੋਲਨ ਅਗਲੇ ਚਰਨ ਵਿੱਚ ਪ੍ਰਧਾਨ ਮੰਤਰੀ ਦੇ ਅਸਤੀਫ਼ੇ ਤੱਕ ਦੀ ਮੰਗ ਵੱਲ ਵਧ ਸਕਦਾ ਹੈ।

ਇਹ ਸੱਚਾਈ ਹੈ ਕਿ ਦੇਸ਼ ਦੀ 1.42 ਅਰਬ ਆਬਾਦੀ ਵਿੱਚੋਂ ਅੱਧੇ ਨਾਲੋਂ ਵੱਧ ਹਿੱਸਾ 30 ਸਾਲ ਤੋਂ ਘੱਟ ਉਮਰ ਦੇ ਨੌਜਵਾਨਾਂ ਦਾ ਹੈ। ਜਦੋਂ ਇਹ ਚੇਤਨ ਸ਼ਕਤੀ ਆਪਣੇ ਹੱਕਾਂ ਲਈ ਸੜਕਾਂ 'ਤੇ ਉੱਤਰਦੀ ਹੈ, ਤਾਂ ਵੱਡੇ ਤੋਂ ਵੱਡੇ ਹੰਕਾਰੀ ਸ਼ਾਸਕਾਂ ਦੇ ਤਖ਼ਤ ਹਿੱਲ ਸਕਦੇ ਹਨ। ਇਸ ਅੰਦੋਲਨ ਦਰਮਿਆਨ ਪ੍ਰਧਾਨ ਮੰਤਰੀ ਦੀ ਲੰਮੀ ਖ਼ਾਮੋਸ਼ੀ ਅਤੇ ਮੀਡੀਆ ਦਾ ਪ੍ਰੋਪੇਗੰਡਾ ਨੌਜਵਾਨਾਂ ਦੇ ਡਿਜੀਟਲ ਅਤੇ ਸੜਕੀ ਸੰਘਰਸ਼ ਦੇ ਸੁਮੇਲ ਅੱਗੇ ਬੇਅਸਰ ਹੋ ਗਿਆ।

'ਕਾਕਰੋਚ ਅੰਦੋਲਨ' ਸਿਰਫ਼ ਵਿਦਿਆਰਥੀਆਂ ਦੀ ਇੱਕ ਆਰਜ਼ੀ ਜਿੱਤ ਨਹੀਂ ਹੈ, ਸਗੋਂ ਇਹ ਗੋਦੀ ਮੀਡੀਆ ਦੀ ਗੁਲਾਮ ਮਾਨਸਿਕਤਾ ਅਤੇ ਸੱਤਾ ਦੇ ਹੰਕਾਰ ਲਈ ਇੱਕ ਬਹੁਤ ਵੱਡਾ ਇਤਿਹਾਸਕ ਸਬਕ ਹੈ। ਨੌਜਵਾਨਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਜਦੋਂ ਲੋਕਤੰਤਰ ਦਾ ਚੌਥਾ ਥੰਮ੍ਹ (ਮੀਡੀਆ) ਆਪਣਾ ਇਖ਼ਲਾਕ ਵੇਚ ਕੇ ਸੱਤਾ ਦਾ ਗੁਲਾਮ ਬਣ ਜਾਵੇ, ਤਾਂ ਦੇਸ਼ ਦਾ ਨੌਜਵਾਨ ਖ਼ੁਦ ਸੜਕਾਂ 'ਤੇ ਉੱਤਰ ਕੇ ਲੋਕਤੰਤਰ ਦੀ ਰਾਖੀ ਕਰਨ ਅਤੇ ਨਵੇਂ ਇਤਿਹਾਸ ਦੇ ਪੰਨੇ ਲਿਖਣ ਦੀ ਸਮਰੱਥਾ ਰੱਖਦਾ ਹੈ। ਗੋਦੀ ਮੀਡੀਆ ਦੀਆਂ ਸਮੁੱਚੀਆਂ ਚਾਲਾਂ ਨੂੰ ਮਾਤ ਦੇ ਕੇ ਇਨ੍ਹਾਂ 'ਕਾਕਰੋਚਾਂ' ਨੇ ਸ਼ਾਸਕਾਂ ਨੂੰ ਲਤਾੜ ਕੇ ਇੱਕ ਨਵੀਂ ਕ੍ਰਾਂਤੀ ਦਾ ਆਗਾਜ਼ ਕਰ ਦਿੱਤਾ ਹੈ।


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD, SACRAMENTO, CA 95841
+1-917-915-4142
FREMONT, CA
3155 KEARNEY ST, SUITE #248, FREMONT, CA 94538
+1-510-657-6444
NEW YORK, NY
108-14 JAMAICA AVENUE, RICHMOND HILL, NY 11418
+1-718-533-8444
FRESNO, CA
1625 E SHAW AVE #122, FRESNO, CA 93711
+1-559-271-5511
NEW JERSEY, NJ
2060 OAK TREE ROAD #1, EDISON, NEW JERSEY, 08820
+1-732-453-6699
LOS ANGELES, CA
1013 N BEGONIA AVE, ONTARIO, CA 91762
+1-917-915-4142
CONTACT
+1-917-915-4142
Jaspreetsinghlaoffice@gmail.com

# ਦੇਸੀ ਮਹੀਨੇ: ਸਾਡੀ ਮਿੱਟੀ ਰੁੱਤਾਂ ਅਤੇ ਵਿਰਸੇ ਦੀ ਮਹਿਕ

ਜੇ ਕਿਸੇ ਕੌਮ ਨੂੰ ਉਸ ਦੀਆਂ ਜੜ੍ਹਾਂ ਨਾਲ ਜੋੜਨ ਵਾਲੀ ਕੋਈ ਸਭ ਤੋਂ ਅਨਮੋਲ ਨਿਸ਼ਾਨੀ ਹੈ, ਤਾਂ ਉਹ ਉਸ ਦਾ ਸੱਭਿਆਚਾਰ, ਭਾਸ਼ਾ ਅਤੇ ਸਮੇਂ ਨੂੰ ਮਾਪਣ ਦਾ ਆਪਣਾ ਢੰਗ ਹੈ। ਪੰਜਾਬੀਆਂ ਲਈ ਦੇਸੀ ਮਹੀਨੇ ਸਿਰਫ਼ ਕੈਲੰਡਰ ਦੇ ਬਾਰਾਂ ਨਾਂ ਨਹੀਂ, ਸਗੋਂ ਸਾਡੀ ਮਿੱਟੀ ਦੀ ਖੁਸ਼ਬੂ, ਰੁੱਤਾਂ ਦੇ ਰੰਗ, ਖੇਤਾਂ ਦੀ ਹਰਿਆਵਲ, ਲੋਕ-ਗੀਤਾਂ ਦੀ ਮਿਠਾਸ ਅਤੇ ਤਿਉਹਾਰਾਂ ਦੀ ਰੌਣਕ ਨਾਲ ਜੁੜੀ ਇੱਕ ਵਿਰਾਸਤ ਹਨ। ਅੱਜ ਭਾਵੇਂ ਅਸੀਂ ਅੰਗਰੇਜ਼ੀ ਕੈਲੰਡਰ ਦੀ ਵਰਤੋਂ ਕਰਦੇ ਹਾਂ, ਪਰ ਪੰਜਾਬ ਦੀ ਰੂਹ ਅਜੇ ਵੀ ਚੇਤ, ਵੈਸਾਖ, ਸਾਵਣ ਅਤੇ ਫੱਗਣ ਵਿੱਚ ਹੀ ਵੱਸਦੀ ਹੈ। ਦੇਸੀ ਮਹੀਨੇ ਸਾਨੂੰ ਦੱਸਦੇ ਹਨ ਕਿ ਕੁਦਰਤ ਕਦੋਂ ਮੁਸਕਰਾਉਂਦੀ ਹੈ, ਕਦੋਂ ਮੀਂਹ ਵਰਸਦਾ ਹੈ, ਕਦੋਂ ਫਸਲਾਂ ਪੱਕਦੀਆਂ ਹਨ ਅਤੇ ਕਦੋਂ ਲੋਕ ਖੁਸ਼ੀਆਂ ਮਨਾਉਂਦੇ ਹਨ।

ਪੰਜਾਬ ਦਾ ਜੀਵਨ ਸਦੀਆਂ ਤੋਂ ਖੇਤੀਬਾੜੀ ਨਾਲ ਜੁੜਿਆ ਹੋਇਆ ਹੈ। ਇਸ ਲਈ ਇੱਥੇ ਹਰ ਮਹੀਨਾ ਕਿਸੇ ਨਾ ਕਿਸੇ ਖੇਤੀਬਾੜੀ ਦੇ ਕੰਮ, ਰੁੱਤ ਜਾਂ ਤਿਉਹਾਰ ਨਾਲ ਸੰਬੰਧਿਤ ਹੈ। ਸਾਡੇ ਬਜ਼ੁਰਗ ਅੱਜ ਵੀ ਤਾਰੀਖ ਨਹੀਂ, ਸਗੋਂ ਦੇਸੀ ਮਹੀਨੇ ਦੱਸ ਕੇ ਮੌਸਮ ਅਤੇ ਸਮੇਂ ਦਾ ਅੰਦਾਜ਼ਾ ਲਗਾਉਂਦੇ ਹਨ। ਇਹ ਮਹੀਨੇ ਕੁਦਰਤ ਦੀ ਉਹ ਘੜੀ ਹਨ ਜੋ ਸਾਨੂੰ ਰੁੱਤਾਂ ਦੇ ਬਦਲਦੇ ਰੰਗਾਂ ਨਾਲ ਜਾਣੂ ਕਰਵਾਉਂਦੀ ਹੈ।

ਚੇਤ ਨਾਲ ਪੰਜਾਬੀ ਨਵੇਂ ਸਾਲ ਦੀ ਸ਼ੁਰੂਆਤ ਹੁੰਦੀ ਹੈ। ਸਰਦੀਆਂ ਵਿਦਾ ਹੋਣ ਲੱਗਦੀਆਂ ਹਨ ਅਤੇ ਬਸੰਤ ਆਪਣੀ ਰੰਗਤ ਵਿਖਾਉਂਦਾ ਹੈ। ਖੇਤਾਂ ਵਿੱਚ ਪੱਕੀ ਹੋਈ ਕਣਕ ਦੀਆਂ ਸੁਨਹਿਰੀਆਂ ਬੱਲੀਆਂ ਹਵਾ ਨਾਲ ਝੂਮਦੀਆਂ ਹਨ। ਅੰਬਾਂ ਨੂੰ ਬੂਰ ਪੈਂਦਾ ਹੈ, ਫੁੱਲ ਖਿੜਦੇ ਹਨ ਅਤੇ ਕੁਦਰਤ ਇੱਕ ਨਵੀਂ ਜ਼ਿੰਦਗੀ ਦਾ ਸੰਦੇਸ਼ ਦਿੰਦੀ ਹੈ। ਚੇਤ ਸਾਨੂੰ ਇਹ ਸਿੱਖਾਉਂਦਾ ਹੈ ਕਿ ਹਰ ਅੰਤ ਤੋਂ ਬਾਅਦ ਇੱਕ ਨਵੀਂ ਸ਼ੁਰੂਆਤ ਹੁੰਦੀ ਹੈ।

ਵੈਸਾਖ ਪੰਜਾਬ ਦੇ ਸਭ ਤੋਂ ਮਹੱਤਵਪੂਰਨ ਮਹੀਨਿਆਂ ਵਿੱਚੋਂ ਇੱਕ ਹੈ। ਇਹ ਮਹੀਨਾ ਕਿਸਾਨ ਦੀ ਸਾਲ ਭਰ ਦੀ ਮਿਹਨਤ ਦਾ ਫਲ ਲੈ ਕੇ ਆਉਂਦਾ ਹੈ। ਕਣਕ ਦੀ ਕਟਾਈ ਸ਼ੁਰੂ ਹੁੰਦੀ ਹੈ ਅਤੇ ਖੇਤਾਂ ਵਿੱਚ ਰੌਣਕ ਛਾ ਜਾਂਦੀ ਹੈ। ਇਸੇ ਮਹੀਨੇ ਵਿਸਾਖੀ ਦਾ ਪਵਿੱਤਰ ਤਿਉਹਾਰ ਮਨਾਇਆ ਜਾਂਦਾ ਹੈ। ਵਿਸਾਖੀ ਸਿਰਫ਼ ਨਵੀਂ ਫਸਲ ਦੀ ਖੁਸ਼ੀ ਨਹੀਂ, ਸਗੋਂ ਖਾਲਸਾ ਪੰਥ ਦੇ ਸਾਜਨਾ ਦਿਵਸ ਵਜੋਂ ਵੀ ਵਿਸ਼ੇਸ਼ ਮਹੱਤਵ ਰੱਖਦੀ ਹੈ। ਪਿੰਡਾਂ ਵਿੱਚ ਮੇਲੇ ਲੱਗਦੇ ਹਨ, ਭੰਗੜਾ ਅਤੇ ਗਿੱਧਾ ਪਾਇਆ ਜਾਂਦਾ ਹੈ ਅਤੇ ਹਰ ਪਾਸੇ ਖੁਸ਼ੀ ਦਾ ਮਾਹੌਲ ਹੁੰਦਾ ਹੈ।

ਜੇਠ ਅਤੇ ਹਾੜ੍ਹ ਗਰਮੀ ਦੇ ਮਹੀਨੇ ਹਨ। ਸੂਰਜ ਦੀ ਤਪਸ਼ ਆਪਣੇ ਸਿਖਰ 'ਤੇ ਹੁੰਦੀ ਹੈ। ਕਿਸਾਨ ਝੋਨੇ ਦੀ ਨਰਸਰੀ ਤਿਆਰ ਕਰਦੇ ਹਨ ਅਤੇ ਮੀਂਹ ਦੀ ਉਡੀਕ ਕਰਦੇ ਹਨ। ਹਾੜ੍ਹ ਵਿੱਚ ਬਰਸਾਤ ਦੀ ਆਹਟ ਸੁਣਾਈ ਦੇਣ ਲੱਗਦੀ ਹੈ ਅਤੇ ਝੋਨੇ ਦੀ ਲਵਾਈ ਸ਼ੁਰੂ ਹੋ ਜਾਂਦੀ ਹੈ। ਇਹ ਸਮਾਂ ਕਿਸਾਨ ਲਈ ਬਹੁਤ ਮਿਹਨਤ ਵਾਲਾ ਹੁੰਦਾ ਹੈ, ਪਰ ਉਸ ਦੀਆਂ ਅੱਖਾਂ ਵਿੱਚ ਚੰਗੀ ਫਸਲ ਦੀ ਉਮੀਦ ਵੀ ਚਮਕਦੀ ਰਹਿੰਦੀ ਹੈ।

ਸਾਵਣ ਨੂੰ ਹਰਿਆਲੀ ਦਾ ਮਹੀਨਾ ਕਿਹਾ ਜਾਂਦਾ ਹੈ। ਮੀਂਹ ਦੀਆਂ ਫੁਹਾਰਾਂ ਨਾਲ ਧਰਤੀ ਧੁੱਲ ਜਾਂਦੀ ਹੈ ਅਤੇ ਚਾਰੋਂ ਪਾਸੇ ਹਰਿਆਵਲ ਫੈਲ ਜਾਂਦੀ ਹੈ। ਇਸ ਮਹੀਨੇ ਤੀਆਂ ਦਾ ਤਿਉਹਾਰ ਬੜੇ ਚਾਵ ਨਾਲ ਮਨਾਇਆ ਜਾਂਦਾ ਹੈ। ਕੁੜੀਆਂ ਰੰਗ-ਬਿਰੰਗੇ ਕੱਪੜੇ ਪਹਿਨਦੀਆਂ ਹਨ, ਝੂਲੇ ਝੂਲਦੀਆਂ ਹਨ, ਗਿੱਧਾ ਪਾਉਂਦੀਆਂ ਹਨ ਅਤੇ ਲੋਕ-ਗੀਤ ਗਾ ਕੇ ਆਪਣੇ ਮਨ ਦੀਆਂ ਭਾਵਨਾਵਾਂ ਪ੍ਰਗਟ ਕਰਦੀਆਂ ਹਨ। ਸਾਵਣ ਪੰਜਾਬੀ ਲੋਕ-ਸੱਭਿਆਚਾਰ ਦੀ ਸੁੰਦਰਤਾ ਦਾ ਜੀਵੰਤ ਪ੍ਰਤੀਕ ਹੈ।

ਭਾਦੋਂ ਵਿੱਚ ਵੀ ਮੀਂਹ ਦਾ ਅਸਰ ਰਹਿੰਦਾ ਹੈ। ਖੇਤਾਂ ਵਿੱਚ ਝੋਨਾ ਤੇਜ਼ੀ ਨਾਲ ਵਧਦਾ ਹੈ। ਇਸ ਮਹੀਨੇ ਲੋਕ ਕੁਦਰਤ ਦੀ ਬਖ਼ਸ਼ਿਸ਼ ਲਈ ਸ਼ੁਕਰਾਨਾ ਕਰਦੇ ਹਨ। ਪਿੰਡਾਂ ਵਿੱਚ ਮੇਲੇ ਲੱਗਦੇ ਹਨ ਅਤੇ ਆਪਸੀ ਭਾਈਚਾਰਾ ਹੋਰ ਮਜ਼ਬੂਤ ਹੁੰਦਾ ਹੈ।

ਅੱਸੂ ਦੇ ਆਉਣ ਨਾਲ ਮੌਸਮ ਬਦਲਣਾ ਸ਼ੁਰੂ ਹੋ ਜਾਂਦਾ ਹੈ। ਗਰਮੀ ਘਟਦੀ ਹੈ ਅਤੇ ਹਵਾ ਵਿੱਚ ਹਲਕੀ ਠੰਢਕ ਮਹਿਸੂਸ ਹੋਣ ਲੱਗਦੀ ਹੈ। ਇਸ ਮਹੀਨੇ ਨਵਰਾਤਰੇ ਅਤੇ ਦਸਹਿਰਾ ਮਨਾਇਆ ਜਾਂਦਾ ਹੈ। ਦਸਹਿਰਾ ਸੱਚ ਦੀ ਝੂਠ ਉੱਤੇ ਅਤੇ ਨੇਕੀ ਦੀ ਬੁਰਾਈ ਉੱਤੇ ਜਿੱਤ ਦਾ ਪ੍ਰਤੀਕ ਹੈ। ਕਿਸਾਨ ਝੋਨੇ ਦੀ ਕਟਾਈ ਦੀ ਤਿਆਰੀ ਕਰਦੇ ਹਨ।

ਕੱਤਕ ਪੰਜਾਬ ਵਿੱਚ ਖੁਸ਼ੀਆਂ ਦਾ ਮਹੀਨਾ ਮੰਨਿਆ ਜਾਂਦਾ ਹੈ। ਇਸ ਮਹੀਨੇ ਦੀਵਾਲੀ ਅਤੇ ਬੰਦੀ ਛੋੜ ਦਿਵਸ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਏ ਜਾਂਦੇ ਹਨ। ਘਰਾਂ ਨੂੰ ਦੀਵਿਆਂ ਨਾਲ ਸਜਾਇਆ ਜਾਂਦਾ ਹੈ ਅਤੇ ਗੁਰਦੁਆਰਿਆਂ ਵਿੱਚ ਰੌਸ਼ਨੀਆਂ ਦੀ ਅਦਭੁੱਤ ਛਟਾ ਵੇਖਣ ਨੂੰ ਮਿਲਦੀ ਹੈ। ਇਸੇ ਸਮੇਂ ਝੋਨੇ ਦੀ ਕਟਾਈ ਮੁਕੰਮਲ ਹੁੰਦੀ ਹੈ ਅਤੇ ਕਣਕ ਦੀ ਬਿਜਾਈ ਸ਼ੁਰੂ ਹੋ ਜਾਂਦੀ ਹੈ। ਕਿਸਾਨ ਨਵੀਂ ਆਸ ਨਾਲ ਆਪਣੇ ਖੇਤਾਂ ਵਿੱਚ ਬੀਜ ਪਾਉਂਦੇ ਹਨ।

ਮੱਘਰ ਅਤੇ ਪੋਹ ਸਰਦੀਆਂ ਦੇ ਮਹੀਨੇ ਹਨ। ਸਵੇਰ ਦੀ ਧੁੰਦ ਅਤੇ ਠੰਢ ਪੰਜਾਬ ਦੀ ਪਛਾਣ ਬਣ ਜਾਂਦੀ ਹੈ। ਖੇਤਾਂ ਵਿੱਚ ਕਣਕ ਅਤੇ ਸਰ੍ਹੋਂ ਦੀਆਂ ਫਸਲਾਂ ਹੌਲੀ-ਹੌਲੀ ਵਧਦੀਆਂ ਹਨ। ਸਰ੍ਹੋਂ ਦੇ ਪੀਲੇ ਫੁੱਲ ਧਰਤੀ ਨੂੰ ਸੋਨੇ ਦੀ ਚਾਦਰ ਵਾਂਗ ਸਜਾ ਦਿੰਦੇ ਹਨ। ਇਹ ਨਜ਼ਾਰਾ ਪੰਜਾਬ ਦੀ ਸੁੰਦਰਤਾ ਨੂੰ ਹੋਰ ਵੀ ਨਿਖਾਰ ਦਿੰਦਾ ਹੈ।

ਮਾਘ ਆਪਣੇ ਨਾਲ ਲੋਹੜੀ ਅਤੇ ਮਾਘੀ ਵਰਗੇ ਪ੍ਰਸਿੱਧ ਤਿਉਹਾਰ ਲੈ ਕੇ ਆਉਂਦਾ ਹੈ। ਲੋਹੜੀ ਪੰਜਾਬ ਦਾ ਸਭ ਤੋਂ ਪ੍ਰਸਿੱਧ ਲੋਕ-ਤਿਉਹਾਰ ਹੈ। ਲੋਕ ਅੱਗ ਬਾਲ ਕੇ ਉਸ ਦੇ ਆਲੇ-ਦੁਆਲੇ ਨੱਚਦੇ-ਗਾਉਂਦੇ ਹਨ ਅਤੇ ਰੇਵੜੀ, ਗੱਜਕ, ਮੂੰਗਫਲੀ ਅਤੇ ਮੱਕੀ ਦੇ ਦਾਣੇ ਵੰਡਦੇ ਹਨ। ਇਹ ਤਿਉਹਾਰ ਨਵੀਂ ਫਸਲ ਦੀ ਖੁਸ਼ੀ ਅਤੇ ਆਪਸੀ ਸਾਂਝ ਦਾ ਪ੍ਰਤੀਕ ਹੈ।

ਫੱਗਣ ਪੰਜਾਬੀ ਸਾਲ ਦਾ ਆਖ਼ਰੀ ਮਹੀਨਾ ਹੈ। ਇਸ ਮਹੀਨੇ ਹੋਲੀ ਅਤੇ ਹੋਲਾ ਮਹੱਲਾ ਮਨਾਏ ਜਾਂਦੇ ਹਨ। ਕਣਕ ਦੀ ਫਸਲ ਪੱਕਣ ਲੱਗਦੀ ਹੈ ਅਤੇ ਬਸੰਤ ਮੁੜ ਆਪਣੀ ਆਮਦ ਦਾ ਅਹਿਸਾਸ ਕਰਵਾਉਂਦਾ ਹੈ। ਰੰਗਾਂ, ਖੁਸ਼ੀਆਂ ਅਤੇ ਉਤਸ਼ਾਹ ਨਾਲ ਭਰਿਆ ਇਹ ਮਹੀਨਾ ਸਾਲ ਨੂੰ ਸੁੰਦਰ ਵਿਦਾਈ ਦਿੰਦਾ ਹੈ।

ਦੇਸੀ ਮਹੀਨਿਆਂ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਹ ਸਿਰਫ਼ ਤਾਰੀਖਾਂ ਨਹੀਂ ਦੱਸਦੇ, ਸਗੋਂ ਸਾਨੂੰ ਕੁਦਰਤ ਨਾਲ ਜੋੜਦੇ ਹਨ। ਇਨ੍ਹਾਂ ਮਹੀਨਿਆਂ ਵਿੱਚ ਰੁੱਤਾਂ ਦਾ ਬਦਲਾਅ, ਫਸਲਾਂ ਦੀ ਬਿਜਾਈ ਅਤੇ ਕਟਾਈ, ਪੰਛੀਆਂ ਦੀ ਚਹਿਕ, ਲੋਕ-ਗੀਤਾਂ ਦੀ ਗੂੰਜ ਅਤੇ ਤਿਉਹਾਰਾਂ ਦੀ ਰੌਣਕ ਇੱਕ-ਦੂਜੇ ਨਾਲ ਜੁੜੀ ਹੋਈ ਹੈ। ਇਸੇ ਲਈ ਪੰਜਾਬੀ ਸਾਹਿਤ ਵਿੱਚ ਵੀ ਦੇਸੀ ਮਹੀਨਿਆਂ ਦਾ ਵਿਸ਼ੇਸ਼ ਸਥਾਨ ਹੈ। ਗੁਰੂ ਸਾਹਿਬਾਨ ਦੀ ਬਾਣੀ, ਲੋਕ-ਗੀਤਾਂ, ਟੱਪਿਆਂ ਅਤੇ ਕਵਿਤਾਵਾਂ ਵਿੱਚ ਇਨ੍ਹਾਂ ਦਾ ਵਾਰ-ਵਾਰ ਜ਼ਿਕਰ ਮਿਲਦਾ ਹੈ। ਦੇਸੀ ਮਹੀਨੇ ਸਾਨੂੰ ਇਹ ਅਹਿਸਾਸ ਕਰਵਾਉਂਦੇ ਹਨ ਕਿ ਮਨੁੱਖ ਅਤੇ ਕੁਦਰਤ ਦਾ ਰਿਸ਼ਤਾ ਇੱਕ-ਦੂਜੇ ਤੋਂ ਵੱਖਰਾ ਨਹੀਂ, ਸਗੋਂ ਇੱਕ-ਦੂਜੇ ਦਾ ਪੂਰਕ ਹੈ। ਜਿੰਨਾ ਚਿਰ ਸਾਡੀਆਂ ਰੁੱਤਾਂ, ਸਾਡੀ ਮਿੱਟੀ ਅਤੇ ਦੇਸੀ ਮਹੀਨਿਆਂ ਨਾਲ ਸਾਡਾ ਨਾਤਾ ਜ਼ਿੰਦਾ ਰਹੇਗਾ, ਉੱਨਾ ਚਿਰ ਪੰਜਾਬ ਦੀ ਅਸਲ ਪਛਾਣ ਅਤੇ ਉਸ ਦੀ ਸੱਭਿਆਚਾਰਕ ਮਹਿਕ ਵੀ ਸਦਾ ਮਹਿਕਦੀ ਰਹੇਗੀ।

**ਕੁਲਬੀਰ ਸ਼ਰਮਾ**
ਪਿੰਡ ਤੇ ਡਾਕ: ਝਬੇਲਵਾਲੀ
ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ, ਪੰਜਾਬ







Punjabi Cultural Society of Tracy
19th Annual Tracy Teeyan
Sunday, August 2, 2026
Time 10:00Am to 06:00Pm
I.P.F.E.S. Portuguese Hall of Tracy,
400 W 9th St. Tracy, CA
With Punjabi famous singer
KULWINDER BILLA
ਇਲਾਕੇ ਦੀਆਂ ਸਮੂਹ ਪੰਜਾਬੀ ਮੁਟਿਆਰਾਂ ਵੱਲੋਂ
ਗਿੱਧਾ, ਭੰਗੜਾ, ਬੋਲੀਆਂ ਪਾ ਪੇਸ਼ ਕੀਤੀਆਂ ਜਾਣਗੀਆਂ
ਵੱਖ-ਵੱਖ ਸੱਭਿਆਚਾਰਕ ਵੰਨਗੀਆ ਤੇ ਦਿਲ ਖਿੱਚਵੇਂ ਰੰਗਾਂ -ਰੰਗ ਪ੍ਰੋਗਰਾਮ।
ਲੱਗਣਗੇ ਹਾਰ- ਸ਼ਿੰਗਾਰ ਤੇ ਵੱਖੋ-ਵੱਖਰੇ ਖਾਣ ਪੀਣ ਦੇ ਸਟਾਲ !
TICKET
$10 TICKET
Kids under 5 free
Doors will close at 2 pm
Hosted by
Asha Sharma
FOR SPONSORSHIP AND PARTICIPATION
PLEASE CONTACT
Tajinder Muhar (209) 640-9521
Rani Kahlon
(ਸਟਾਲ ਸਾਰੇ ਬੁੱਕ ਹੋ ਚੁੱਕੇ ਨੇ) ਸਟੇਜ ਪਰਫਾਰਮੈਂਸ ਕਰਨ ਲਈ ਸੰਪਰਕ ਕਰੋ
ਵਧੇਰੇ ਜਾਣਕਾਰੀ ਲਈ ਕਾਲ ਕਰੋ : Tajinder Muhar (209) 640-9521

## ਡਤਾਈਵਰ ਵੀ ਜਿੰਦਗੀ ਦੇ 2 ਸਭ ਤੋਂ ਵੱਡੇ ਦੁਸ਼ਮਣ ਕੌਣ?
## ਕਾਗਜ਼ ਤੇ ਘਾਣ ਦਾ ਇਨਵੌਇਸ!



# ਇਨਵੌਇਸ ਬਣਾਓ ਆਸਾਨ, ਤੇ ਚਲੋ ਬੱਸ ਮਸਤਾਨ!

ਘੱਟ ਕਾਗਜ਼ੀ ਕੰਮ. ਹੋਰ ਕਿਲੋਮੀਟਰ. ਇਨਵੌਇਸ ਸਮਾਰਟ ਬਣਾਓ **Traki** ਨਾਲ.

**ਕਾਗਜ਼ ਸੰਭਾਲੋ**
ਫੋਟੋ, PDF ਤੇ ਆਪਣੇ ਡੌਕੂਮੈਂਟ ਇਕੱਤਰ ਰੱਖੋ.

**ਇਨਵੌਇਸ ਬਣਾਓ**
INVOICE
AI ਮਦਦ ਨਾਲ ਆਟੋ ਫਿਲ ਅਤੇ ਪੇਸ਼ੇਵਰ ਇਨਵੌਇਸ ਤਿਆਰ.

**ਕਮਾਈ ਵਧਾਓ**
ਰਿਪੋਰਟ ਵੇਖੋ, ਕਮਾਈ ਟ੍ਰੈਕ ਕਰੋ, ਤੇ ਟਾਈਮ ਬਚਾਓ.

**ਅੱਜ ਹੀ ਸ਼ੁਰੂ ਕਰੋ!**

**3 ਦਿਨ ਦਾ ਮੁਫ਼ਤ TRIAL ਮਿਲੇਗਾ!**

ਟਰਾਈ ਕਰੋ, ਪਸੰਦ ਆਇਆ ਤਾਂ ਅੱਗੇ ਵਧੋ!

QR ਸਕੈਨ ਕਰੋ ਤੇ Traki ਡਾਊਨਲੋਡ ਕਰੋ ਹੁਣੇ!

**ਟਾਈਮ ਬਚਾਓ**
ਕਾਗਜ਼ੀ ਕੰਮ ਘੱਟ, ਡਰਾਈਵ ਵੱਧ.

**ਗਲਤੀ ਘੱਟ**
ਆਟੋਮੈਟਿਕ ਫਿਲ ਤੇ ਸਹੀ ਇਨਵੌਇਸ.

**ਆਫਲਾਈਨ ਕੰਮ**
ਇੰਟਰਨੈੱਟ ਬਿਨ੍ਹਾਂ ਵੀ ਸਭ ਕੁਝ ਚੱਲਦਾ.

**ਸਭ ਕੁਝ ਇੱਕ ਜਗ੍ਹਾ**
ਡੌਕੂਮੈਂਟ, ਇਨਵੌਇਸ ਤੇ ਰਿਪੋਰਟ – ਸਭ ਨਾਲ.

ਹੋਰ ਜਾਣਕਾਰੀ ਲਈ ਵੇਖੋ | TRAKIAPP.COM

**TRAKI**
ਡਰਾਈਵਰ ਦਾ ਅਸਲੀ ਯਾਰ.


web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਰਾਜਿੰਦਰ ਟਾਂਡਾ
ਅੱਜ ਹੀ ਕਾਲ ਕਰੋ :
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330



ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਮਲੋਟ

# ਕੀ ਫੈਮਿਲੀ ਡਾਕਟਰ ਲੁਪਤ ਹੋਣ ਦੀ ਕਗਾਰ 'ਤੇ ਹਨ?

ਇੱਕ ਸਮਾਂ ਸੀ ਜਦੋਂ ਹਰ ਪਿੰਡ, ਕਸਬੇ ਅਤੇ ਸ਼ਹਿਰ ਦੇ ਹਰ ਮੁਹੱਲੇ ਵਿੱਚ ਇੱਕ ਅਜਿਹਾ ਡਾਕਟਰ ਹੁੰਦਾ ਸੀ, ਜਿਸ ਨੂੰ ਹਰ ਪਰਿਵਾਰ ਜਾਣਦਾ ਸੀ ਅਤੇ ਜੋ ਹਰ ਪਰਿਵਾਰ ਦੇ ਸਿਹਤ ਦਾ ਸਭ ਤੋਂ ਭਰੋਸੇਯੋਗ ਸਾਥੀ ਹੁੰਦਾ ਸੀ। ਉਸ ਨੂੰ "ਫੈਮਿਲੀ ਡਾਕਟਰ" ਜਾਂ "ਪਰਿਵਾਰਕ ਡਾਕਟਰ" ਕਿਹਾ ਜਾਂਦਾ ਸੀ। ਉਹ ਸਿਰਫ਼ ਦਵਾਈ ਲਿਖਣ ਵਾਲਾ ਡਾਕਟਰ ਨਹੀਂ, ਸਗੋਂ ਪਰਿਵਾਰ ਦਾ ਸਲਾਹਕਾਰ, ਮਾਰਗਦਰਸ਼ਕ ਅਤੇ ਮੁਸ਼ਕਲ ਵੇਲੇ ਦਾ ਸਹਾਰਾ ਵੀ ਹੁੰਦਾ ਸੀ। ਅੱਜ ਦੇ ਸਮੇਂ ਵਿੱਚ, ਜਦੋਂ ਮੈਡੀਕਲ ਖੇਤਰ ਵਿੱਚ ਵਿਸ਼ੇਸ਼ਗਿਆਤਾ (ਸਪੈਸ਼ਲਾਈਜ਼ੇਸ਼ਨ), ਕਾਰਪੋਰੇਟ ਹਸਪਤਾਲਾਂ ਅਤੇ ਡਿਜ਼ੀਟਲ ਸਿਹਤ ਸੇਵਾਵਾਂ ਦਾ ਦਾਇਰਾ ਲਗਾਤਾਰ ਵਧ ਰਿਹਾ ਹੈ, ਤਾਂ ਇਹ ਸਵਾਲ ਉੱਠਣਾ ਸੁਭਾਵਿਕ ਹੈ ਕੀ ਫੈਮਿਲੀ ਡਾਕਟਰ ਲੁਪਤ ਹੋਣ ਦੀ ਕਗਾਰ 'ਤੇ ਹਨ?

ਫੈਮਿਲੀ ਡਾਕਟਰ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੁੰਦੀ ਸੀ ਕਿ ਉਹ ਮਰੀਜ਼ ਨੂੰ ਸਿਰਫ਼ ਇੱਕ ਬਿਮਾਰੀ ਵਜੋਂ ਨਹੀਂ।

ਸਗੋਂ ਇੱਕ ਵਿਅਕਤੀ ਅਤੇ ਪੂਰੇ ਪਰਿਵਾਰ ਦੇ ਮੈਂਬਰ ਵਜੋਂ ਦੇਖਦਾ ਸੀ। ਉਸ ਨੂੰ ਪਤਾ ਹੁੰਦਾ ਸੀ ਕਿ ਮਰੀਜ਼ ਨੂੰ ਪਹਿਲਾਂ ਕਿਹੜੀਆਂ ਬਿਮਾਰੀਆਂ ਰਹੀਆਂ ਹਨ, ਕਿਸ ਦਵਾਈ ਨਾਲ ਐਲਰਜੀ ਹੈ, ਪਰਿਵਾਰ ਵਿੱਚ ਕਿਹੜੀਆਂ ਵਿਰਾਸਤੀ ਬਿਮਾਰੀਆਂ ਹਨ ਅਤੇ ਉਸ ਦੀ ਜੀਵਨ ਸ਼ੈਲੀ ਕਿਹੋ ਜਿਹੀ ਹੈ। ਇਸ ਜਾਣਕਾਰੀ ਕਾਰਨ ਇਲਾਜ ਵਧੇਰੇ ਪ੍ਰਭਾਵਸ਼ਾਲੀ ਅਤੇ ਭਰੋਸੇਯੋਗ ਬਣਦਾ ਸੀ।

ਪਿਛਲੇ ਕੁਝ ਦਹਾਕਿਆਂ ਵਿੱਚ ਡਾਕਟਰੀ ਵਿਗਿਆਨ ਨੇ ਬੇਹੱਦ ਤਰੱਕੀ ਕੀਤੀ ਹੈ। ਦਿਲ ਦੇ ਰੋਗ, ਕੈਂਸਰ, ਗੁਰਦੇ, ਦਿਮਾਗ, ਹੱਡੀਆਂ, ਚਮੜੀ ਅਤੇ ਹੋਰ ਕਈ ਖੇਤਰਾਂ ਵਿੱਚ ਮਾਹਿਰ ਡਾਕਟਰਾਂ ਦੀ ਗਿਣਤੀ ਵਧੀ ਹੈ। ਇਹ ਵਿਕਾਸ ਮੈਡੀਕਲ ਵਿਗਿਆਨ ਲਈ ਵੱਡੀ ਪ੍ਰਾਪਤੀ ਹੈ, ਪਰ ਇਸ ਦਾ ਇੱਕ ਨਤੀਜਾ ਇਹ ਵੀ ਨਿਕਲਿਆ ਕਿ ਆਮ ਜਾਂ ਪਰਿਵਾਰਕ ਡਾਕਟਰਾਂ ਦੀ ਭੂਮਿਕਾ ਹੌਲੀ-ਹੌਲੀ ਘੱਟਦੀ ਗਈ। ਅੱਜ ਬਹੁਤ ਸਾਰੇ ਲੋਕ ਆਮ ਬੁਖਾਰ ਜਾਂ ਜ਼ੁਕਾਮ ਲਈ ਵੀ ਸਿੱਧੇ ਮਾਹਿਰ ਡਾਕਟਰ ਕੋਲ ਪਹੁੰਚ ਜਾਂਦੇ ਹਨ।

ਕਾਰਪੋਰੇਟ ਹਸਪਤਾਲਾਂ ਦੇ ਵਧਦੇ ਪ੍ਰਭਾਵ ਨੇ ਵੀ ਇਸ ਰੁਝਾਨ ਨੂੰ ਤੇਜ਼ ਕੀਤਾ ਹੈ।

ਆਧੁਨਿਕ ਮਸ਼ੀਨਾਂ, ਉੱਚ ਪੱਧਰੀ ਜਾਂਚਾਂ ਅਤੇ ਵਿਸ਼ੇਸ਼ ਇਲਾਜ ਦੀਆਂ ਸਹੂਲਤਾਂ ਨੇ ਲੋਕਾਂ ਦਾ ਧਿਆਨ ਵੱਡੇ ਹਸਪਤਾਲਾਂ ਵੱਲ ਖਿੱਚਿਆ ਹੈ। ਦੂਜੇ ਪਾਸੇ, ਛੋਟੇ ਕਲੀਨਿਕ ਚਲਾਉਣ ਵਾਲੇ ਫੈਮਿਲੀ ਡਾਕਟਰ ਆਰਥਿਕ ਅਤੇ ਪੇਸ਼ੇਵਰ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ। ਨਵੀਂ ਪੀੜ੍ਹੀ ਦੇ ਕਈ ਡਾਕਟਰ ਵੀ ਜਨਰਲ ਪ੍ਰੈਕਟਿਸ ਦੀ ਬਜਾਏ ਕਿਸੇ ਵਿਸ਼ੇਸ਼ ਖੇਤਰ ਵਿੱਚ ਕਰੀਅਰ ਬਣਾਉਣ ਨੂੰ ਤਰਜੀਹ ਦੇ ਰਹੇ ਹਨ।

ਇੰਟਰਨੈੱਟ ਅਤੇ ਸੋਸ਼ਲ ਮੀਡੀਆ ਨੇ ਵੀ ਸਿਹਤ ਸੰਬੰਧੀ ਲੋਕਾਂ ਦੀ ਸੋਚ ਅਤੇ ਵਿਹਾਰ ਵਿੱਚ ਵੱਡਾ ਬਦਲਾਅ ਲਿਆ ਹੈ। ਬਹੁਤ ਸਾਰੇ ਲੋਕ ਪਹਿਲਾਂ ਗੂਗਲ 'ਤੇ ਆਪਣੇ ਲੱਛਣ ਖੋਜਦੇ ਹਨ, ਫਿਰ ਆਪਣੇ ਆਪ ਦਵਾਈ ਲੈ ਲੈਂਦੇ ਹਨ ਜਾਂ ਸਿੱਧੇ ਕਿਸੇ ਮਾਹਿਰ ਕੋਲ ਚਲੇ ਜਾਂਦੇ ਹਨ। ਪਰ ਇੰਟਰਨੈੱਟ ਜਾਣਕਾਰੀ ਤਾਂ ਦੇ ਸਕਦਾ ਹੈ, ਤਜਰਬੇਕਾਰ ਡਾਕਟਰ ਦੀ ਸਮਝ, ਨਿਰੀਖਣ ਅਤੇ ਫ਼ੈਸਲੇ ਦੀ ਥਾਂ ਨਹੀਂ ਲੈ ਸਕਦਾ।

ਫੈਮਿਲੀ ਡਾਕਟਰ ਦੀ ਮਹੱਤਤਾ ਸਿਰਫ਼ ਇਲਾਜ ਤੱਕ ਸੀਮਿਤ ਨਹੀਂ ਹੁੰਦੀ। ਉਹ ਬਿਮਾਰੀਆਂ ਦੀ ਰੋਕਥਾਮ, ਟੀਕਾਕਰਨ, ਨਿਯਮਿਤ ਸਿਹਤ ਜਾਂਚ, ਸਹੀ ਖ਼ੁਰਾਕ, ਕਸਰਤ ਅਤੇ ਸਿਹਤਮੰਦ ਜੀਵਨ ਸ਼ੈਲੀ ਬਾਰੇ ਵੀ ਲੋਕਾਂ ਨੂੰ ਜਾਗਰੂਕ ਕਰਦਾ ਹੈ। ਕਈ ਵਾਰ ਉਹ ਗੰਭੀਰ ਬਿਮਾਰੀਆਂ ਦੇ ਸ਼ੁਰੂਆਤੀ ਲੱਛਣਾਂ ਨੂੰ ਸਮੇਂ ਸਿਰ ਪਛਾਣ ਕੇ ਮਰੀਜ਼ ਨੂੰ ਮਾਹਿਰ ਕੋਲ ਭੇਜ ਦਿੰਦਾ ਹੈ, ਜਿਸ ਨਾਲ ਸਮੇਂ ਸਿਰ ਇਲਾਜ ਸੰਭਵ ਹੋ ਜਾਂਦਾ ਹੈ।

ਫੈਮਿਲੀ ਡਾਕਟਰ ਸਿਹਤ ਸੇਵਾਵਾਂ ਦਾ ਖ਼ਰਚਾ ਘਟਾਉਣ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੇ ਹਨ। ਜ਼ਿਆਦਾਤਰ ਆਮ ਬਿਮਾਰੀਆਂ ਦਾ ਇਲਾਜ ਇੱਕ ਯੋਗ ਜਨਰਲ ਪ੍ਰੈਕਟੀਸ਼ਨਰ ਹੀ ਕਰ ਸਕਦਾ ਹੈ। ਇਸ ਨਾਲ ਮਰੀਜ਼ ਦਾ ਸਮਾਂ ਅਤੇ ਪੈਸਾ ਦੋਵੇਂ ਬਚਦੇ ਹਨ ਅਤੇ ਮਾਹਿਰ ਡਾਕਟਰਾਂ 'ਤੇ ਵੀ ਬੇਲੋੜਾ ਬੋਝ ਨਹੀਂ ਪੈਂਦਾ।

ਪੇਂਡੂ ਖੇਤਰਾਂ ਵਿੱਚ ਫੈਮਿਲੀ ਡਾਕਟਰ ਦੀ ਭੂਮਿਕਾ ਹੋਰ ਵੀ ਮਹੱਤਵਪੂਰਨ ਹੈ। ਜਿੱਥੇ ਮਾਹਿਰ ਡਾਕਟਰਾਂ ਦੀ ਪਹੁੰਚ ਨਹੀਂ ਹੁੰਦੀ, ਉੱਥੇ ਆਮ ਡਾਕਟਰ ਹੀ ਲੋਕਾਂ ਦੀ ਪਹਿਲੀ ਉਮੀਦ ਹੁੰਦੇ ਹਨ। ਜੇਕਰ ਇਨ੍ਹਾਂ ਦੀ ਗਿਣਤੀ ਲਗਾਤਾਰ ਘਟਦੀ ਰਹੀ ਤਾਂ ਮੁੱਢਲੀਆਂ ਸਿਹਤ ਸੇਵਾਵਾਂ ਕਮਜ਼ੋਰ ਹੋ ਸਕਦੀਆਂ ਹਨ।


ਸਰਕਾਰਾਂ, ਮੈਡੀਕਲ ਕਾਲਜਾਂ ਅਤੇ ਸਿਹਤ ਸੰਸਥਾਵਾਂ ਨੂੰ ਇਸ ਵਿਸ਼ੇ 'ਤੇ ਗੰਭੀਰਤਾ ਨਾਲ ਕੰਮ ਕਰਨ ਦੀ ਲੋੜ ਹੈ। ਮੈਡੀਕਲ ਸਿੱਖਿਆ ਵਿੱਚ ਫੈਮਿਲੀ ਮੈਡੀਸਨ ਨੂੰ ਵੱਧ ਮਹੱਤਵ ਦਿੱਤਾ ਜਾਣਾ ਚਾਹੀਦਾ ਹੈ। ਨੌਜਵਾਨ ਡਾਕਟਰਾਂ ਨੂੰ ਇਸ ਖੇਤਰ ਵਿੱਚ ਆਉਣ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਬਿਹਤਰ ਸਹੂਲਤਾਂ, ਸਿਖਲਾਈ ਅਤੇ ਆਰਥਿਕ ਪ੍ਰੋਤਸਾਹਨ ਦਿੱਤਾ ਜਾਣਾ ਚਾਹੀਦਾ ਹੈ।

ਆਉਣ ਵਾਲੇ ਸਮੇਂ ਵਿੱਚ ਆਰਟੀਫ਼ਿਸ਼ਲ ਇੰਟੈਲੀਜੈਂਸ (ਅੀ), ਟੈਲੀਮੈਡੀਸਨ ਅਤੇ ਡਿਜ਼ੀਟਲ ਹੈਲਥ ਰਿਕਾਰਡ ਸਿਹਤ ਸੇਵਾਵਾਂ ਦਾ ਮਹੱਤਵਪੂਰਨ ਹਿੱਸਾ ਬਣਨਗੇ। ਪਰ ਇਹ ਤਕਨਾਲੋਜੀਆਂ ਵੀ ਇੱਕ ਅਜਿਹੇ ਡਾਕਟਰ ਦੀ ਥਾਂ ਨਹੀਂ ਲੈ ਸਕਦੀਆਂ ਜੋ ਮਰੀਜ਼ ਨੂੰ ਸਾਲਾਂ ਤੋਂ ਜਾਣਦਾ ਹੋਵੇ, ਉਸ ਦਾ ਭਰੋਸਾ ਜਿੱਤ ਚੁੱਕਾ ਹੋਵੇ ਅਤੇ ਮਨੁੱਖੀ ਸੰਵੇਦਨਾਵਾਂ ਨਾਲ ਉਸ ਦਾ ਇਲਾਜ ਕਰਦਾ ਹੋਵੇ।

ਸਮਾਜ ਨੂੰ ਵੀ ਆਪਣੀ ਸੋਚ ਬਦਲਣ ਦੀ ਲੋੜ ਹੈ। ਹਰ ਛੋਟੀ-ਮੋਟੀ ਸਮੱਸਿਆ ਲਈ ਸਿੱਧੇ ਮਾਹਿਰ ਕੋਲ ਜਾਣ ਦੀ ਬਜਾਏ ਪਹਿਲਾਂ ਇੱਕ ਯੋਗ ਫੈਮਿਲੀ ਡਾਕਟਰ ਨਾਲ ਸਲਾਹ ਕਰਨੀ ਚਾਹੀਦੀ ਹੈ। ਇਸ ਨਾਲ ਸਿਹਤ ਪ੍ਰਣਾਲੀ ਹੋਰ ਪ੍ਰਭਾਵਸ਼ਾਲੀ ਬਣੇਗੀ ਅਤੇ ਮਰੀਜ਼ਾਂ ਨੂੰ ਸਮੁੱਚੀ ਅਤੇ ਨਿੱਜੀ ਦੇਖਭਾਲ ਮਿਲੇਗੀ।

ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਫੈਮਿਲੀ ਡਾਕਟਰ ਅਜੇ ਪੂਰੀ ਤਰ੍ਹਾਂ ਲੁਪਤ ਨਹੀਂ ਹੋਏ, ਪਰ ਉਨ੍ਹਾਂ ਦੀ ਗਿਣਤੀ ਅਤੇ ਭੂਮਿਕਾ ਜ਼ਰੂਰ ਘਟ ਰਹੀ ਹੈ। ਜੇਕਰ ਇਸ ਰੁਝਾਨ ਨੂੰ ਸਮੇਂ ਸਿਰ ਨਾ ਰੋਕਿਆ ਗਿਆ, ਤਾਂ ਅਸੀਂ ਸਿਹਤ ਪ੍ਰਣਾਲੀ ਦੀ ਇੱਕ ਅਜਿਹੀ ਕੀਮਤੀ ਪਰੰਪਰਾ ਗੁਆ ਬੈਠਾਂਗੇ।


ਜਿਸ ਨੇ ਦਹਾਕਿਆਂ ਤੱਕ ਲੱਖਾਂ ਪਰਿਵਾਰਾਂ ਨੂੰ ਸਸਤੀ, ਸੌਖੀ ਅਤੇ ਭਰੋਸੇਯੋਗ ਸਿਹਤ ਸੇਵਾ ਪ੍ਰਦਾਨ ਕੀਤੀ ਹੈ। ਫੈਮਿਲੀ ਡਾਕਟਰ ਨੂੰ ਬਚਾਉਣਾ ਸਿਰਫ਼ ਇੱਕ ਪੇਸ਼ੇ ਨੂੰ ਬਚਾਉਣਾ ਨਹੀਂ, ਸਗੋਂ ਭਰੋਸੇ, ਮਨੁੱਖੀ ਸੰਵੇਦਨਾ ਅਤੇ ਮਰੀਜ਼-ਕੇਂਦਰਿਤ ਸਿਹਤ ਪ੍ਰਣਾਲੀ ਨੂੰ ਸੁਰੱਖਿਅਤ ਰੱਖਣਾ ਹੈ।







WHOLE HOME SOLAR & BATTERY
STARTING AT $25,000
For a standard 5kW Solar & 14kWh Battery system
Roof or main panel upgrades not included
Clear & Up-Front Pricing
High-Efficiency Components
Permits and Utility Approvals Included
Protect Existing NEM 2.0 (Via Non-Export Configuration)
CALL HARRY FOR A QUOTE | (925) 537-2732
Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building
Pricing & offer details vary by location & applicant.


Pal Films Production
All Your Photo/Videography & Post Production needs Under One Roof
PF
RED PRO 5.0
RED
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com


Punjabi Cultural Society of Tracy
19th Annual Tracy Teeyan
Sunday, August 2, 2026
Time 10:00Am to 06:00Pm
I.P.F.E.S. Portuguese Hall of Tracy,
400 W 9th St. Tracy, CA
With Punjabi famous singer
KULWINDER BILLA
ਇਲਾਕੇ ਦੀਆਂ ਸਮੂਹ ਪੰਜਾਬੀ ਮੁਟਿਆਰਾਂ ਵੱਲੋਂ
ਗਿੱਧਾ, ਭੰਗੜਾ, ਬੋਲੀਆਂ ਪਾ ਪੇਸ਼ ਕੀਤੀਆਂ ਜਾਣਗੀਆਂ
ਵੱਖ-ਵੱਖ ਸੱਭਿਆਚਾਰਕ ਵੰਨਗੀਆ ਤੇ ਦਿਲ ਖਿੱਚਵੇਂ ਰੰਗਾਂ -ਰੰਗ ਪ੍ਰੋਗਰਾਮ।
ਲੱਗਣਗੇ ਹਾਰ- ਸ਼ਿੰਗਾਰ ਤੇ ਵੱਖੋ-ਵੱਖਰੇ ਖਾਣ ਪੀਣ ਦੇ ਸਟਾਲ !
TICKET
$10 TICKET
Kids under 5 free
Doors will close at 2 pm
Hosted by
Asha Sharma
FOR SPONSORSHIP AND PARTICIPATION
PLEASE CONTACT
Tajinder Muhar (209) 640-9521
Rani Kahlon
(ਸਟਾਲ ਸਾਰੇ ਬੁੱਕ ਹੋ ਚੁੱਕੇ ਨੇ) ਸਟੇਜ ਪਰਫਾਰਮੈਂਸ ਕਰਨ ਲਈ ਸੰਪਰਕ ਕਰੋ
ਵਧੇਰੇ ਜਾਣਕਾਰੀ ਲਈ ਕਾਲ ਕਰੋ : Tajinder Muhar (209) 640-9521



SANJHI SOCH
ਬਰਜਿੰਦਰ ਕੌਰ ਬਿਸਰਾਓ
99889-01324

# "ਹੱਡੀਂ ਰਚਿਆ ਰੋਗ"

ਸੰਗੀਤਾ ਪ੍ਰਾਈਵੇਟ ਸੈਕਟਰ ਵਿੱਚ ਨੌਕਰੀ ਕਰਦੀ ਸੀ।ਉਸ ਨੂੰ ਨੌਕਰੀ ਕਰਦੀ ਨੂੰ ਪੰਜ ਛੇ ਸਾਲ ਹੋ ਗਏ ਸਨ। ਉਹ ਬਹੁਤ ਵਧੀਆ ਕੰਮ ਕਰਦੀ ਸੀ ਤੇ ਉਸ ਦੀ ਬੌਸ ਵੀ ਉਸ ਤੇ ਬਹੁਤ ਖੁਸ਼ ਸੀ। ਅਚਾਨਕ ਉਸ ਦੀ ਬੌਸ ਦਾ ਤਬਾਦਲਾ ਹੋ ਗਿਆ ਤੇ ਉਹ ਬਦਲ ਕੇ ਦੂਜੇ ਸ਼ਹਿਰ ਚਲੀ ਗਈ। ਨਵਾਂ ਬੌਸ ਬੜਾ ਸੜੀਅਲ ਸੁਭਾਅ ਦਾ ਸੀ।ਉਹ ਸਾਰਾ ਦਿਨ ਨਿੱਕੀ ਨਿੱਕੀ ਗੱਲ ਤੇ ਟੋਕ- ਟੋਕਾਈ ਕਰਦਾ ਰਹਿੰਦਾ। ਇੱਕ ਦਿਨ ਤਾਂ ਹੱਦ ਹੀ ਹੋ ਗਈ ਕਿ ਨਿੱਕੀ ਜਿਹੀ ਗੱਲ ਤੇ ਹੀ ਸਭ ਦੇ ਸਾਹਮਣੇ ਉਸ ਦੀ ਬੇਜ਼ਤੀ ਕਰ ਦਿੱਤੀ।

ਸੰਗੀਤਾ ਆਪਣਾ ਅਸਤੀਫਾ ਲਿਖ ਕੇ ਉਸ ਦੇ ਮੂਹਰੇ ਸੁੱਟ ਕੇ ਆ ਗਈ। ਸੰਗੀਤਾ ਦੀ ਨੌਕਰੀ ਛੁੱਟ ਗਈ ਸੀ। ਹੁਣ ਉਸ ਨੇ ਨੌਕਰੀ ਨਾ ਕਰਨ ਦਾ ਫੈਸਲਾ ਕੀਤਾ ਤੇ ਸੋਚਿਆ ਕਿ ਆਪਣੇ ਬੱਚਿਆਂ ਦੀ ਹੀ ਸੋਹਣੇ ਤਰੀਕੇ ਨਾਲ ਪਰਵਰਿਸ਼ ਕਰੇਗੀ। ਨੌਕਰੀ ਕਰਦੀ ਕਰਕੇ ਬੱਚੇ ਵੀ ਰੁਲੇ ਰਹਿੰਦੇ ਸਨ। ਵੈਸੇ ਵੀ ਉਸ ਦਾ ਪਤੀ ਸਰਕਾਰੀ ਨੌਕਰੀ ਕਰਦਾ ਸੀ, ਗੁਜ਼ਾਰਾ ਚੱਲੀ ਜਾਂਦਾ ਸੀ।

ਉਸ ਨੇ ਆਪਣੀ ਨੌਕਰੀ ਦੌਰਾਨ ਜਮ੍ਹਾਂ ਫੰਡ ਕਢਵਾਉਣ ਲਈ ਆਨਲਾਈਨ ਹੀ ਅਪਲਾਈ ਕਰ ਦਿੱਤਾ । ਉਸ ਦੇ ਕਾਗਜ਼ਾਂ ਵਿੱਚ ਗ਼ਲਤੀ ਹੋਣ ਕਾਰਨ ਉਸ ਦੀ ਅਰਜ਼ੀ ਰੱਦ ਹੋ ਕੇ ਆ ਗਈ।ਉਸ ਨੇ ਦੂਜੀ ਵਾਰ ਸਾਰਾ ਕੁਝ ਸਹੀ ਕਰਕੇ ਫੇਰ ਅਪਲਾਈ ਕੀਤਾ ਤਾਂ ਫੇਰ ਅਰਜ਼ੀ ਵਿੱਚ ਗਲਤੀਆਂ ਹੋਣ ਕਰਕੇ ਅਰਜ਼ੀ ਰੱਦ ਹੋਣ ਦਾ ਮੈਸੇਜ ਆ ਜਾਇਆ ਕਰੇ।ਉਸ ਨੇ ਚਾਰ ਪੰਜ ਵਾਰ ਅਪਲਾਈ ਕੀਤਾ, ਹਮੇਸ਼ਾ ਉਸ ਨਾਲ ਇਸ ਤਰ੍ਹਾਂ ਹੀ ਹੋਵੇ। ਉਸ ਨੇ ਆਪਣੇ ਜਾਣ ਪਛਾਣ ਦੇ ਲੜਕੇ ਤੋਂ ਕੰਮ ਕਰਵਾਉਣਾ ਚਾਹਿਆ ਜੋ ਉੱਥੇ ਹੀ ਨੌਕਰੀ ਕਰਦਾ ਸੀ। ਤਾਂ ਵੀ ਉਸ ਦੀ ਅਰਜ਼ੀ ਰੱਦ ਹੋ ਗਈ।ਉਸ ਨੇ ਉਸ ਜਾਣ ਪਛਾਣ ਵਾਲੇ ਲੜਕੇ ਤੋਂ ਅਸਲ ਗੱਲ ਪੁੱਛੀ ਤਾਂ ਉਸ ਨੇ ਕਿਹਾ," ਕਲਰਕ ਥੋੜ੍ਹੇ ਬਹੁਤ ਪੈਸੇ ਮੰਗਦਾ ਹੈ.... ਤੁਸੀਂ ਦੇਖ ਲਓ ਕਿਵੇਂ ਕਰਨਾ ਹੈ....ਜੇ ਤੁਸੀਂ.... ਉਸ ਦੀ ਸ਼ਿਕਾਇਤ ਕਰਨੀ ਹੈ..... ਤਾਂ ਦੇਖ ਲਓ.... ਨਹੀਂ ਤਾਂ ਤੁਸੀਂ ਆਪ ਆ ਕੇ ਗੱਲ ਕਰ ਲਵੋ।"

ਸੰਗੀਤਾ ਦੋ ਚਿੱਤੀ ਵਿੱਚ ਬੈਠੀ ਸੋਚਦੀ ਹੈ ਕਿ ਉਹ ਰਿਸ਼ਵਤ ਮੰਗਣ ਵਾਲੇ ਨੂੰ ਫਸਾਵੇ ਜਾਂ ਰਿਸ਼ਵਤ ਦੇ ਕੇ ਘਰ ਬੈਠੇ ਬਿਠਾਏ ਕੰਮ ਕਰਵਾ ਲਏ।ਉਹ ਬਹੁਤ ਸੋਚਣ ਤੋਂ ਬਾਅਦ ਅੱਖਾਂ ਬੰਦ ਕਰ ਕੇ ਆਪਣੇ ਮਨ ਨਾਲ ਸਲਾਹ ਕਰਦੀ ਹੈ ਤਾਂ ਮਨ ਨੇ ਉਸ ਨੂੰ ਕਹਿੰਦਾ ਹੈ," ਤੂੰ ਕਿਹੜੇ ਚੱਕਰਾਂ ਵਿੱਚ ਪੈਣ ਲੱਗੀ ਹੈਂ.... ਦੋ ਚਾਰ ਵਾਰ ਤੂੰ ਪੈਟਰੋਲ ਫੂਕ ਕੇ ਜਾਵੇਂਗੀ....ਕਿਉਂ ਕਿ ....ਉਹ ਬੰਦਾ ਪਹਿਲੀ ਵਾਰ ਵਿੱਚ ਤਾਂ ਤੈਨੂੰ ਰਾਹ ਨਹੀਂ ਦੇਵੇਗਾ.....ਫੇਰ ਓਹਦੀ ਸ਼ਿਕਾਇਤ ਕਰਨ ਲਈ..... ਸਬੂਤ ਬਣਾਉਣ ਲਈ ਮਿਹਨਤ ਕਰੇਂਗੀ..... ਫੇਰ ਰੌਲ਼ਾ ਵੀ ਪਊ......ਫਿਰ ਕੇਸ ਚੱਲੂ.....ਫੇਰ ਗਵਾਹੀਆਂ ਦੇਣ ਕਚਹਿਰੀ ਜਾਣਾ ਪਿਆ ਕਰੂ.....ਫੇਰ ਵੀ ਅਗਲਾ ਕਲਰਕ ਕਦ ਕੰਮ ਕਰੂ ਓਹ ਪਤਾ ਨਹੀਂ.....ਇਸ ਤੋਂ ਬਿਹਤਰ .....ਇਹ ਨਹੀਂ .....ਕਿ ਘਰ ਬੈਠੀ ਬਿਠਾਈ ਪੰਜ ਸੱਤ ਸੌ ਉਸ ਦੇ ਮੱਥੇ ਮਾਰ ਤੇ ਆਪਣਾ ਕੰਮ ਕਰਾ....।"

ਉਹ ਫੋਨ ਚੁੱਕਦੀ ਹੈ ਤੇ ਉਸ ਲੜਕੇ ਨੂੰ ਫ਼ੋਨ ਕਰਦੀ ਹੈ," ਤੂੰ ਕਰਵਾ ਦੇ ਕੰਮ .....ਆਪਣੇ ਕੋਲੋਂ ਪੈਸੇ ਦੇ ਕੇ.... ਮੈਂ ਤੇਰੇ ਨਾਲ ਬਾਅਦ ਵਿੱਚ ਹਿਸਾਬ ਕਰ ਲਵਾਂਗੀ....।" ਉਹ ਮੁੰਡਾ ਕਹਿੰਦਾ ਹੈ,"ਮੈਡਮ ਜੀ ਤੁਸੀਂ ਹੁਣੇ ਅਪਲਾਈ ਕਰੋ ..... ਸ਼ਾਮ ਤੱਕ ਪੈਸੇ ਅਕਾਊਂਟ ਵਿੱਚ ਆ ਜਾਣਗੇ.....।" ਉਹੀ ਗੱਲ ਹੋਈ, ਸੰਗੀਤਾ ਨੇ ਜਿਵੇਂ ਹੀ ਆਨਲਾਈਨ ਅਪਲਾਈ ਕੀਤਾ ਉਸੇ ਸਮੇਂ ਉਸ ਦੀ ਅਰਜ਼ੀ ਮਨਜ਼ੂਰ ਹੋਣ ਦਾ ਮੈਸੈਜ ਆ ਗਿਆ। ਸੱਚੀਂ ਹੀ ਸ਼ਾਮ ਤੱਕ ਉਸ ਦੇ ਅਕਾਊਂਟ ਵਿੱਚ ਉਸ ਦੇ ਫੰਡ ਦਾ ਸਾਰਾ ਪੈਸਾ ਆ ਗਿਆ ਜਿਸ ਲਈ ਉਹ ਮਹੀਨੇ ਭਰ ਤੋਂ ਟੱਕਰਾਂ ਮਾਰ ਰਹੀ ਸੀ।

ਉਸ ਨੂੰ ਜਿੱਥੇ ਪੈਸੇ ਆਉਣ ਦੀ ਖੁਸ਼ੀ ਸੀ ਦੂਜੇ ਪਾਸੇ ਰਿਸ਼ਵਤ ਦੇ ਕੇ ਕੰਮ ਕਰਵਾਉਣ ਤੇ ਦੁੱਖ ਹੋ ਰਿਹਾ ਸੀ। ਉਸ ਨੇ ਆਪਣੇ ਮਨ ਨੂੰ ਕਿਹਾ ,"ਤੂੰ ਮੈਨੂੰ ਗ਼ਲਤ ਸਲਾਹ ਕਿਉਂ ਦਿੱਤੀ?" ਮਨ ਨੇ ਹੱਸ ਕੇ ਆਖਿਆ,"ਤੂੰ ਇਕੱਲੀ ਨਹੀਂ ਇਸ ਤਰ੍ਹਾਂ ਦੇ ਹੱਲ ਲੱਭਦੀ.....ਸਾਰੀ ਦੁਨੀਆਂ ਈ.... ਆਪਣਾ ਆਪਣਾ ਫਾਇਦਾ ਸੋਚਦੀ ਹੈ.....ਤੂੰ ਵੀ ਤਾਂ ਆਪਣਾ ਫਾਇਦਾ ਅਤੇ ਅਰਾਮ ਹੀ ਸੋਚਿਆ ਹੈ .....ਤਾਂ ਹੀ ਤਾਂ ਜਿਹੜਾ ਮਹੀਨੇ ਵਿੱਚ ਕੰਮ ਨਹੀਂ ਹੋਇਆ ਸੀ ਉਹ ਅੱਧੇ ਦਿਨ ਵਿੱਚ ਹੋ ਗਿਆ। ਭਿਰਸ਼ਟਾਚਾਰ ਆਪਣੇ ਆਪਣੇ ਫਾਇਦੇ ਦੀ ਉਪਜ ਹੀ ਹੈ ਜੋ ਆਪਾਂ ਨੇ ਈ ਪੈਦਾ ਕੀਤੀ ਹੋਈ ਹੈ।ਇਸੇ ਕਰਕੇ ਹੀ ਜਿਹੜੇ ਲੋਕ ਰਿਸ਼ਵਤ ਨਹੀਂ ਦੇ ਸਕਦੇ ਉਹ ਸਾਲਾਂ ਬੱਧੀ ਧੱਕੇ ਖਾਂਦੇ ਰਹਿੰਦੇ ਨੇ.... ਹੁਣ ਸਵਾਰਥ ਭਾਰੂ ਹੋ ਚੁੱਕਿਆ ਹੈ.....ਆਪਾਂ ਬਦਲਨਾ ਨਹੀਂ ਚਾਹੁੰਦੇ.... ਇਸ ਨੂੰ ਖਤਮ ਕਰਨ ਲਈ ਡੌਂਡੀ ਸਾਰੇ ਪਿੱਟਦੇ ਹਨ ਪਰ ਉਹਨਾਂ ਲੋਕਾਂ ਨੇ ਹੀ ਆਪਣੇ ਕੰਮ ਛੇਤੀ ਕਰਵਾਉਣ ਲਈ 'ਅੰਡਰ ਦਾ ਟੇਬਲ' ਸ਼ਬਦ ਨਾਲ ਦੋਸਤੀ ਪਾਈ ਹੋਈ ਆ....ਹਾ ਹਾ ਹਾ.....ਮੰਨ ਚਾਹੇ ਨਾ ਮੰਨ ......ਪਰ ਭਿਰਸ਼ਟਾਚਾਰ ਤਾਂ ਹੁਣ ਉਹ ਰੋਗ ਬਣ ਚੁੱਕਿਆ ਹੈ ਜੋ ਆਪਣੇ ਹੱਡੀਂ ਰਚਿਆ ਹੋਇਆ ਹੈ।"




Arrested ?
DUI ?
Drug Charges ?
Gun Violation ?
Ghuman Law Group
GLG
GHUMAN LAW GROUP
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001


SERVPRO
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702

# JK TYRE INC

JK TYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600

With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-

With Installation
Singh: 510-766-9382

**Firestone FS591**

SPECIAL OFFER !!

STEER TIRE
295/75R22.5

With Installation
Singh: 510-766-9382



11R22.5

With Installation
Singh: 510-766-9382

**Sizes available in drive & trailer**

295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-

With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-

With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-

With Installation
Singh: 510-766-9382



FALKEN TIRES · GOODYEAR · KELLY TIRES · BARKLEY Feel the difference · PIRELLI
MICHELIN A better way forward · BRIDGESTONE · Firestone · YOKOHAMA
PEARLY · NAMA · TOYO TIRES driven to perform · Continental · DUNLOP TIRES

# S. Singh Cell: (510) 766-9382

## 2955 N. Wilson Way Stockton , CA 95205

# ਗਰਮੀ ਹੈ ਵਰਦਾਨ

ਗਰਮੀ ਤੋਂ ਨਹੀਂ ਡਰਨਾ ਆਪਾਂ
ਇਹ ਸਾਨੂੰ ਕਈ ਫਾਇਦੇ ਦੇਵੇ
ਗਿੱਲੇ ਕਪੜੇ ਮਿੰਟਾਂ 'ਚ ਸੁਕਾਵੇ
ਫਸਲਾਂ ਨੂੰ ਸਮੇਂ ਸਿਰ ਪਕਾਵੇ।
ਗਰਮੀ ਇੱਕ ਨਿਆਮਤ ਹੈ
ਤਾਹੀਉਂ ਇਹ ਕਹਾਵਤ ਹੈ
'ਗਰਮੀ ਹੀ ਗਰਮੀ ਨੂੰ ਮਾਰੇ'
ਪਸੀਨਾ ਆ ਸਰੀਰ ਨੂੰ ਸੰਵਾਰੇ।
ਬਿਜਲੀ ਦੀ ਮੰਗ ਵੱਧਦੀ ਜਾਵੇ
ਕੋਲਾ ਹੁਣ ਮੁਕਦਾ ਜਾਵੇ
ਪਾਣੀ ਦੀ ਵੀ ਕਿੱਲਤ ਆਵੇ
ਨਵੇਂ ਰਾਹਾਂ ਵੱਲ ਉਹ ਹੁਣ ਜਾਵੇ।
ਗਰਮੀ ਵੀ ਵਰਦਾਨ ਕਹਾਵੇ
ਸੋਲਰ ਸਿਸਟਮ ਨੂੰ ਇਹ ਚਲਾਵੇ
ਮੁਫਤ 'ਚ ਸਾਨੂੰ ਬਿਜਲੀ ਪਾਵੇ
ਪ੍ਰਦੂਸ਼ਣ ਤੋਂ ਇਹ ਨਿਜਾਤ ਦਿਵਾਵੇ।
ਕੁਦਰਤ ਨੇ ਰੱਖਿਆ ਸਮਤੋਲ
ਗਰਮੀ ਸਰਦੀ ਹੈ ਅਨਮੋਲ
ਐਵੇਂ ਨਾ ਤੂੰ ਬੋਲ ਕਬੋਲ
ਕੁਦਰਤ ਦਾ ਹੈ ਸਾਰਾ ਰੋਲ।
ਸੜਕਾਂ,ਖੇਤਾਂ'ਚ ਜੋ ਕੰਮ ਨੇ ਕਰਦੇ
ਉਹ ਨਾ ਕਦੇ ਵੀ ਗਰਮੀ ਤੋਂ ਡਰਦੇ
ਖਾਧਾ ਪੀਤਾ ਹਜ਼ਮ ਨੇ ਕਰਦੇ
ਲੰਬੀ ਉਮਰੇ ਉਹ ਨੇ ਕੱਢਦੇ।
ਗੁਰੁ ਅਰਜਨ ਦੇਵ ਦੀ ਕੁਰਬਾਨੀ ਬਾਰੇ
ਸਿੱਖ ਇਤਿਹਾਸ ਅਸੀਂ ਹਾਂ ਸੁਣਦੇ।
ਤੱਤੀਆਂ ਤਵੀਆਂ ਤੇ ਵੀ ਬੈਠ
ਸਾਂਤ ਚਿੱਤ ਹੋ ਭਾਣੇ ਨੂੰ ਮੰਨਦੇ।



SANJHI SOCH
ਮੇਜਰ ਸਿੰਘ ਨਾਭਾ
946355962

# ਬੀ.ਐੱਸ.ਸੀ (ਆਨਰਜ਼) ਖੇਤੀਬਾੜੀ: ਪੰਜਾਬ ਦੇ ਨੌਜਵਾਨਾਂ ਲਈ ਉੱਜਵਲ ਭਵਿੱਖ ਦਾ ਦਰਵਾਜ਼ਾ

ਭਾਰਤ ਦੀ ਅਰਥਵਿਵਸਥਾ, ਖੁਰਾਕ ਸੁਰੱਖਿਆ ਅਤੇ ਪੇਂਡੂ ਵਿਕਾਸ ਵਿੱਚ ਖੇਤੀਬਾੜੀ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ। ਪੰਜਾਬ, ਜਿਸ ਨੂੰ ਦੇਸ਼ ਦਾ ਅੰਨ ਭੰਡਾਰ ਕਿਹਾ ਜਾਂਦਾ ਹੈ, ਨੇ ਹਰੀ ਕ੍ਰਾਂਤੀ ਰਾਹੀਂ ਭਾਰਤ ਨੂੰ ਅਨਾਜ ਉਤਪਾਦਨ ਵਿੱਚ ਆਤਮਨਿਰਭਰ ਬਣਾਉਣ ਵਿੱਚ ਇਤਿਹਾਸਕ ਯੋਗਦਾਨ ਪਾਇਆ ਹੈ। ਅੱਜ ਜਦੋਂ ਖੇਤੀਬਾੜੀ ਨਵੇਂ ਦੌਰ ਵਿੱਚ ਦਾਖਲ ਹੋ ਰਹੀ ਹੈ, ਤਦ ਇਸ ਖੇਤਰ ਨੂੰ ਵਿਗਿਆਨਕ ਸੋਚ, ਤਕਨੀਕੀ ਮਾਹਰਤਾ ਅਤੇ ਨਵੀਨਤਾਕਾਰੀ ਦ੍ਰਿਸ਼ਟੀਕੋਣ ਵਾਲੇ ਨੌਜਵਾਨਾਂ ਦੀ ਲੋੜ ਹੈ। ਇਸ ਸੰਦਰਭ ਵਿੱਚ ਬੀ.ਐੱਸ.ਸੀ. (ਆਨਰਜ਼) ਖੇਤੀਬਾੜੀ ਇੱਕ ਅਜਿਹੀ ਪੇਸ਼ੇਵਰ ਡਿਗਰੀ ਹੈ ਜੋ ਨੌਜਵਾਨਾਂ ਨੂੰ ਰੁਜ਼ਗਾਰ, ਖੋਜ, ਕਾਰੋਬਾਰ ਅਤੇ ਸਮਾਜ ਸੇਵਾ ਦੇ ਬੇਅੰਤ ਮੌਕੇ ਪ੍ਰਦਾਨ ਕਰਦੀ ਹੈ।

ਅੱਜ ਦੀ ਖੇਤੀ ਸਿਰਫ਼ ਖੇਤਾਂ ਤੱਕ ਸੀਮਿਤ ਨਹੀਂ ਰਹੀ। ਡਰੋਨ ਤਕਨਾਲੋਜੀ, ਆਰਟੀਫ਼ੀਸ਼ੀਅਲ ਇੰਟੈਲੀਜੈਂਸ, ਪ੍ਰਿਸੀਜ਼ਨ ਫਾਰਮਿੰਗ, ਜੈਵਿਕ ਅਤੇ ਕੁਦਰਤੀ ਖੇਤੀ, ਖੁਰਾਕ ਪ੍ਰੋਸੈਸਿੰਗ ਅਤੇ ਐਗਰੀ-ਬਿਜ਼ਨਸ ਵਰਗੇ ਖੇਤਰਾਂ ਨੇ ਖੇਤੀਬਾੜੀ ਨੂੰ ਆਧੁਨਿਕ ਅਤੇ ਆਕਰਸ਼ਕ ਕਰੀਅਰ ਵਜੋਂ ਸਥਾਪਿਤ ਕੀਤਾ ਹੈ। ਬੀ.ਐੱਸ.ਸੀ. (ਆਨਰਜ਼) ਖੇਤੀਬਾੜੀ ਦਾ ਪਾਠਕ੍ਰਮ ਵਿਦਿਆਰਥੀਆਂ ਨੂੰ ਫ਼ਸਲ ਵਿਗਿਆਨ, ਮਿੱਟੀ ਵਿਗਿਆਨ, ਬਾਗਬਾਨੀ, ਪੌਦਾ ਸੁਰੱਖਿਆ, ਖੇਤੀ ਅਰਥ ਸ਼ਾਸਤਰ, ਖੇਤੀ ਇੰਜੀਨੀਅਰਿੰਗ ਅਤੇ ਖੇਤੀ ਕਾਰੋਬਾਰ ਪ੍ਰਬੰਧਨ ਬਾਰੇ ਵਿਗਿਆਨਕ ਅਤੇ ਵਿਹਾਰਕ ਜਾਣਕਾਰੀ ਪ੍ਰਦਾਨ ਕਰਦਾ ਹੈ।

ਇਸ ਕੋਰਸ ਦੀ ਇੱਕ ਖ਼ਾਸ ਵਿਸ਼ੇਸ਼ਤਾ ਇਹ ਹੈ ਕਿ 12ਵੀਂ ਮੈਡੀਕਲ, ਨਾਨ-ਮੈਡੀਕਲ ਜਾਂ ਖੇਤੀਬਾੜੀ ਵਿਸ਼ਿਆਂ ਨਾਲ ਪਾਸ ਵਿਦਿਆਰਥੀ ਇਸ ਡਿਗਰੀ ਲਈ ਯੋਗ ਹਨ। ਇਸ ਲਈ ਇਹ ਕੋਰਸ ਸਾਇੰਸ ਵਿਸ਼ੇ ਵਾਲੇ ਵਿਦਿਆਰਥੀਆਂ ਲਈ ਕਰੀਅਰ ਦੇ ਵਿਸ਼ਾਲ ਮੌਕੇ ਖੋਲ੍ਹਦਾ ਹੈ।ਬੀ.ਐੱਸ.ਸੀ. (ਆਨਰਜ਼) ਖੇਤੀਬਾੜੀ ਤੋਂ ਬਾਅਦ ਵਿਦਿਆਰਥੀ ਖੇਤੀਬਾੜੀ ਵਿਭਾਗਾਂ, ਬੈਂਕਾਂ, ਬੀਮਾ ਕੰਪਨੀਆਂ, ਖੋਜ ਸੰਸਥਾਵਾਂ, ਯੂਨੀਵਰਸਿਟੀਆਂ, ਬਹੁਰਾਸ਼ਟਰੀ ਕੰਪਨੀਆਂ, ਖਾਦ ਅਤੇ ਬੀਜ ਉਦਯੋਗਾਂ, ਖੁਰਾਕ ਪ੍ਰੋਸੈਸਿੰਗ ਇਕਾਈਆਂ ਅਤੇ ਐਗਰੀ-ਬਿਜ਼ਨਸ ਖੇਤਰ ਵਿੱਚ ਸ਼ਾਨਦਾਰ ਕੈਰੀਅਰ ਬਣਾ ਸਕਦੇ ਹਨ। ਉੱਚ ਸਿੱਖਿਆ, ਖੋਜ, ਪ੍ਰਤੀਯੋਗੀ ਪ੍ਰੀਖਿਆਵਾਂ ਅਤੇ ਅਕਾਦਮਿਕ ਖੇਤਰ ਵਿੱਚ ਵੀ ਇਸ ਡਿਗਰੀ ਦੀ ਵਿਸ਼ੇਸ਼ ਮਹੱਤਤਾ ਹੈ।ਇਸ ਤੋਂ ਇਲਾਵਾ, ਖੇਤੀਬਾੜੀ ਸਿੱਖਿਆ ਸਵੈ-ਰੁਜ਼ਗਾਰ ਅਤੇ ਕਾਰੋਬਾਰ ਲਈ ਵੀ ਮਜ਼ਬੂਤ ਆਧਾਰ ਪ੍ਰਦਾਨ ਕਰਦੀ ਹੈ। ਮਸ਼ਰੂਮ ਉਤਪਾਦਨ, ਜੈਵਿਕ ਖੇਤੀ, ਬੀਜ ਉਤਪਾਦਨ, ਨਰਸਰੀ ਪ੍ਰਬੰਧਨ, ਸੁਰੱਖਿਅਤ ਖੇਤੀ, ਖੇਤੀ ਸਲਾਹਕਾਰੀ ਸੇਵਾਵਾਂ ਅਤੇ ਖੁਰਾਕ ਪ੍ਰੋਸੈਸਿੰਗ ਵਰਗੇ ਖੇਤਰਾਂ ਵਿੱਚ ਨੌਜਵਾਨ ਸਫਲ ਕਾਰੋਬਾਰੀ ਬਣ ਸਕਦੇ ਹਨ।

ਪੰਜਾਬ ਦੇ ਸੰਦਰਭ ਵਿੱਚ ਖੇਤੀਬਾੜੀ ਗ੍ਰੈਜੂਏਟਾਂ ਦੀ ਭੂਮਿਕਾ ਹੋਰ ਵੀ ਮਹੱਤਵਪੂਰਨ ਬਣ ਜਾਂਦੀ ਹੈ। ਭੂ-ਜਲ ਪੱਧਰ ਵਿੱਚ ਗਿਰਾਵਟ, ਮਿੱਟੀ ਦੀ ਸਿਹਤ ਵਿੱਚ ਕਮੀ, ਫ਼ਸਲੀ ਵਿਭਿੰਨਤਾ ਦੀ ਲੋੜ ਅਤੇ ਟਿਕਾਊ ਖੇਤੀ ਪ੍ਰਣਾਲੀਆਂ ਵਰਗੀਆਂ ਚੁਣੌਤੀਆਂ ਦਾ ਹੱਲ ਵਿਗਿਆਨਕ ਖੇਤੀ ਰਾਹੀਂ ਹੀ ਸੰਭਵ ਹੈ। ਖੇਤੀਬਾੜੀ ਦੇ ਪੜ੍ਹੇ-ਲਿਖੇ ਨੌਜਵਾਨ ਪੰਜਾਬ ਦੀ ਖੇਤੀ ਨੂੰ ਨਵੀਂ ਦਿਸ਼ਾ ਦੇ ਸਕਦੇ ਹਨ ਅਤੇ ਵਿਕਸਤ ਭਾਰਤ ਦੇ ਸੁਪਨੇ ਨੂੰ ਸਾਕਾਰ ਕਰਨ ਵਿੱਚ ਯੋਗਦਾਨ ਪਾ ਸਕਦੇ ਹਨ।

ਹਾਲਾਂਕਿ, ਵਿਦਿਆਰਥੀਆਂ ਅਤੇ ਮਾਪਿਆਂ ਲਈ ਇਹ ਵੀ ਬਹੁਤ ਜ਼ਰੂਰੀ ਹੈ ਕਿ ਉਹ ਦਾਖ਼ਲਾ ਲੈਣ ਤੋਂ ਪਹਿਲਾਂ ਸੰਸਥਾ ਦੀ ਮਾਨਤਾ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਕਰਨ। ਪੰਜਾਬ ਵਿੱਚ ਕੇਵਲ ਸੀਮਤ ਗਿਣਤੀ ਦੀਆਂ ਸੰਸਥਾਵਾਂ ਹੀ ਪੰਜਾਬ ਸਟੇਟ ਕੌਂਸਲ ਫ਼ਾਰ ਐਗਰੀਕਲਚਰਲ ਐਜੂਕੇਸ਼ਨ, ਚੰਡੀਗੜ੍ਹ ਦੇ ਮਾਪਦੰਡਾਂ ਅਨੁਸਾਰ ਮਾਨਤਾ ਪ੍ਰਾਪਤ ਹਨ। ਇਸ ਲਈ ਵਿਦਿਆਰਥੀਆਂ ਨੂੰ ਸਿਰਫ਼ ਉਨ੍ਹਾਂ ਹੀ ਸੰਸਥਾਵਾਂ ਵਿੱਚ ਦਾਖ਼ਲਾ ਲੈਣਾ ਚਾਹੀਦਾ ਹੈ ਜੋ ਕੌਂਸਲ ਦੁਆਰਾ ਮਾਨਤਾ ਪ੍ਰਾਪਤ ਹਨ ਅਤੇ ਜਿਨ੍ਹਾਂ ਕੋਲ ਯੋਗ ਅਧਿਆਪਕ, ਪ੍ਰਯੋਗਸ਼ਾਲਾਵਾਂ, ਖੇਤੀ ਫਾਰਮ ਅਤੇ ਲੋੜੀਂਦਾ ਬੁਨਿਆਦੀ ਢਾਂਚਾ ਮੌਜੂਦ ਹੋਵੇ। ਸਹੀ ਸੰਸਥਾ ਦੀ ਚੋਣ ਹੀ ਸਫਲ ਕੈਰੀਅਰ ਦੀ ਪਹਿਲੀ ਪੌੜੀ ਹੈ।ਅੱਜ ਜਦੋਂ ਦੇਸ਼ ਨੂੰ ਵਿਗਿਆਨਕ ਸੋਚ ਵਾਲੇ ਖੇਤੀ ਮਾਹਿਰਾਂ ਦੀ ਲੋੜ ਹੈ, ਬੀ.ਐੱਸ.ਸੀ. (ਆਨਰਜ਼) ਖੇਤੀਬਾੜੀ ਨੌਜਵਾਨਾਂ ਲਈ ਸਿਰਫ਼ ਇੱਕ ਡਿਗਰੀ ਨਹੀਂ, ਸਗੋਂ ਰੁਜ਼ਗਾਰ, ਸਵੈ-ਰੁਜ਼ਗਾਰ, ਨਵੀਨਤਾ,ਖੋਜ ਅਤੇ ਰਾਸ਼ਟਰ ਨਿਰਮਾਣ ਦਾ ਇੱਕ ਸ਼ਕਤੀਸ਼ਾਲੀ ਮਾਧਿਅਮ ਹੈ। "ਖੇਤੀਬਾੜੀ ਸਿੱਖਿਆ ਵਿੱਚ ਨਿਵੇਸ਼, ਪੰਜਾਬ ਅਤੇ ਭਾਰਤ ਦੇ ਖੁਸ਼ਹਾਲ ਭਵਿੱਖ ਵਿੱਚ ਨਿਵੇਸ਼ ਹੈ।"

SANJHI SOCH
ਡਾ. ਜਸਪ੍ਰੀਤ ਕੌਰ ਢਿੱਲੋਂ




# LARRY T. NIERMEYER



## Attorney at Law

OFFERING SERVICES IN THE FOLLOWING AREAS

1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation





PHONE: (209) 574-9447

1420 F STREET ST_ 2ND FLOOR MODESTO, CA 95354

Email : ltniermeyer@aol.com


GHUMAN
LAW GROUP INC.
Ghuman Law Group
ਤੁਹਾਡੇ ਲਈ ਲੈ ਕੇ ਆਏ ਨੇ
AMERICA ਵਿੱਚ
BUSINESS ਕਰਨ ਦਾ ਸੁਨਿਹਰੀ ਮੌਕਾ !
ਜੇਕਰ ਤੁਸੀਂ Canada, England, Australia,
New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ
ਆਓ E-2 Investor Visa ਰਾਹੀਂ
ਸਿਰਫ $25,000 ਦੀ ਘੱਟੋ-ਘੱਟ Investment
ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ
PASSPORT
GHUMAN LAW GROUP
ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ
ਪੂਰੀ ਮਦਦ ਕਰੇਗਾ
ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ
ਪਰਿਵਾਰ ਸਮੇਤ ਆਉਣ ਦਾ ਵਧੀਆ ਮੌਕਾ
2 ਸਾਲ ਦਾ Work Permit
Spouse ਨੂੰ ਮਿਲੇਗਾ Open Work Permit
ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ
ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ
MON - FRI, 9:00 AM - 3:00 PM
+1 (223) 300-0001 | www.ghumanlawgroup.org
2450 VENTURE OAKS WAY, STE 225 SACRAMENTO, CA


Gillson TRUCKING INC
NOW HIRING
TRUCK DRIVERS
CLASS A CDL
✓Signing Bonus
✓Top pay
✓Mileage Pay
✓Great Benefits
✓Over the Road or Local Routes
✓Reefers and Dry Van Operations
✓No touch freight
SKILLS
✓Responsible truck driver.
✓Experience with electronic equipment.
✓Ability to travel regularly.
✓Adaptivity and foresight to handle unexpected situations
(traffic, weather conditions and roads, etc.)
RESPONSIBILITIES
✓Safely operating assigned vehicles.
✓The Vehicles are maintained and serviced as needed.
✓Report any vehicle defects for repair.
✓Make safety a priority at all times.
✓Comply with standard federal laws and with company. policies and procedures.
PAY
✓Average pay: $0.45-$0.60 cents/mile
✓Weekly direct deposits
✓Bonuses for clean inspections
✓High mileage bonuses
NEWER EQUIPMENT
Freightliner and Volvo 2020 and present
Reset pay away from Terminals– Stockton,. CA and Dayton, Ohio
Flexible Home Time
Pet Friendly
Rider Policy
SCAN QR CODE FOR
APPLY NOW
HEALTH BENEFITS
Health
Dental
Vision
1801 E Dr. Martin Luther King Jr. Blvd.
Stockton, CA 95205
925-400-9094 ext. 116, ext. 130 and ext. 144
info@teamgillson.com
GET IN TOUCH
gillsontrucking
company/gillsontrucking
www.teamgillson.com

# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO · HOME · TRUCK · BUSINESS · LIFE · MEDICAL

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



**Office Ph.(916) 427-4321**

6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us




Capital DRUG TESTING

# CAPITAL DRUG TESTING

## Drug and Alcohol Test

## DOT / NON DOT

PRE EMPLOYMENT - RANDOM
POST ACCIDENT - REASONABLE SUSPICION

Services: DOT Random Prog., FMCSA Clearinghouse, DOT Supervisor Training, SAP Classes Etc.



**Lab. Ph:(916) 680-9293**

6624 Florin Road
Sacramento CA, 95828
Email: capitaldrugtest@gmail.com
Website: www.capitaldrugtest.com





RE/MAX EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**
Realtor ® CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED


Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ।
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307


RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN
FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280


ਰੋਜਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria
Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307

# TAKE CONTROL OF YOUR HEALTH!

## PRIVATE, AFFORDABLE, & CONVENIENT

# 8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

## NO INSURANCE? NO PROBLEM!

WALK-INS WELCOME



ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336


ATWAL
IMMIGRATION SERVICES
ATWAL
TAX & IMMIGRATION
— SERVICES —
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682

SANJHI SOCH TV & DAILY NEWSPAPER



TO EXPAND YOUR BUSINESS IN INDIAN COMMUNITY

Through Newspaper & T.V, Advertise with us just as low as $100 PER MONTH.

Call +1 (209) 303-1260

ਆਪਣੇ ਕਾਰੋਬਾਰ ਨੂੰ ਭਾਰਤੀ ਭਾਈਚਾਰੇ ਵਿੱਚ ਅਖ਼ਬਾਰ ਅਤੇ ਟੀਵੀ ਰਾਹੀ ਵਧਾਉਣ ਲਈ ਸਾਨੂੰ ਇਸ਼ਤਿਹਾਰ ਦਿਉ

ਇਸ਼ਤਿਹਾਰ ਲਾਉਣ ਦੀ ਕੀਮਤ ਸਿਰਫ $100 ਤੋਂ ਸ਼ੁਰੂ ਹੁੰਦੀ ਹੈ

www.sanjhisoch.com | Sanjhi Soch TV NRI

SANJHI SOCH

# ਟੀ.ਵੀ. ਪੱਤਰਕਾਰਾਂ ਦੀ ਜ਼ਰੂਰਤ

SANJHI SOCH

ਸਾਂਝੀ ਸੋਚ ਟੀ.ਵੀ. ਲਈ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਚੰਡੀਗੜ੍ਹ ਤੋਂ ਤਜ਼ੁਰਬੇਕਾਰ ਪੱਤਰਕਾਰਾਂ ਦੀ ਜ਼ਰੂਰਤ ਹੈ। ਤਨਖ਼ਾਹ ਯੋਗਤਾ ਅਨੁਸਾਰ।

ਸੰਪਰਕ: +1 (209) 303-1260